# ਪੰਜਾਬੀ ਜਰਨਲ

Friday, September 12, 2025

# PUNJABI JOURNAL

ਭਾਦੋਂ 28, ਨਾਨਕਸ਼ਾਹੀ ਸੰਮਤ: 557 | Volume: 18, Issue: 37| Ph: 604-312-5678
www.punjabijournal.ca, Email: punjabijournal@gmail.com



WCC WESTERN COMMUNITY COLLEGE

ABBOTSFORD
Unit 201, 3670 Townline Rd Abbotsford, BC

SURREY
Unit 201 8318 120 St Surrey, BC

SOUTH SURREY
Unit 204, 15850 24 Avenue, Surrey, BC 0G1

wcc.ca | Tel : 604.594.3500


## ਸਰੀ ਵਿਚ ਦੌਲਤਪੁਰ ਵਾਸੀਆਂ ਵੱਲੋਂ ਸ਼ਹੀਦ ਭਾਈ ਕਰਮ ਸਿੰਘ ਬਬਰ ਅਕਾਲੀ ਦੀ ਯਾਦ 'ਚ ਸ਼ਹੀਦੀ ਸਮਾਗਮ



**ਸਰੀ**, (ਹਰਦਮ ਮਾਨ)- ਕੈਨੇਡਾ ਰਹਿੰਦੀ ਪਿੰਡ ਦੌਲਤਪੁਰ ਦੀ ਸਮੂਹ ਸੰਗਤ ਵੱਲੋਂ ਬੀਤੇ ਦਿਨੀਂ ਸ਼ਹੀਦ ਬਬਰ ਕਰਮ ਸਿੰਘ ਤੇ ਉਹਨਾਂ ਦੇ ਸਾਥੀਆਂ ਦੀ ਯਾਦ ਵਿੱਚ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਸਰੀ ਵਿਖੇ ਸ਼ਹੀਦੀ ਸਮਾਗਮ ਕਰਵਾਇਆ ਗਿਆ। ਸ੍ਰੀ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਕੀਰਤਨ ਅਤੇ ਇਤਿਹਾਸਿਕ ਵਿਚਾਰਾਂ ਹੋਈਆਂ, ਜਿਸ ਦੌਰਾਨ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜਰੀ ਲਵਾਈ ਅਤੇ ਬਬਰ ਅਕਾਲੀ ਯੋਧਿਆਂ ਨੂੰ ਯਾਦ ਕੀਤਾ।

ਇਸ ਮੌਕੇ 'ਤੇ ਬੋਲਦਿਆਂ ਡਾ. ਗੁਰਵਿੰਦਰ ਸਿੰਘ ਨੇ ਬਬਰ ਅਕਾਲੀ ਲਹਿਰ ਤੇ ਸ਼ਹੀਦ ਭਾਈ ਕਰਮ ਸਿੰਘ ਬਬਰ ਅਕਾਲੀ ਅਤੇ ਉਹਨਾਂ ਦੇ ਸਾਥੀਆਂ ਦੇ ਸੰਘਰਸ਼ ਬਾਰੇ ਇਤਿਹਾਸਕ ਪੰਨਿਆਂ 'ਚੋਂ ਵਿਚਾਰ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ 102 ਸਾਲ ਪਹਿਲਾਂ ਐਬਸਫੋਰਡ, ਕੈਨੇਡਾ ਤੋਂ ਪੰਜਾਬ ਜਾ ਕੇ ਸ਼ਹੀਦ ਹੋਣ ਵਾਲੇ ਮਹਾਨ ਯੋਧੇ ਬਬਰ ਅਕਾਲੀ ਸ਼ਹੀਦ ਭਾਈ ਕਰਮ ਸਿੰਘ ਦੌਲਤਪੁਰ 'ਚੀਫ਼ ਐਡੀਟਰ' 'ਬਬਰ ਅਕਾਲੀ ਲਹਿਰ' ਦੀ ਜਿੰਦ-ਜਾਨ ਸਨ ਅਤੇ ਇਸ ਜਥੇਬੰਦੀ ਨੂੰ 'ਬਬਰ ਅਕਾਲੀ' ਨਾਂ ਵੀ ਉਹਨਾਂ ਦੀ ਹੀ ਦੇਣ ਹੈ।

ਉਹਨਾਂ ਦੱਸਿਆ ਕਿ ਭਾਈ ਕਰਮ ਸਿੰਘ, ਉਹਨਾਂ ਦੇ ਭਰਾ ਭਾਈ ਸਿੰਘ ਥਾਂਦੀ ਤੇ ਪੇਂਡੂ ਭਾਈ ਸੁੰਦਰ ਸਿੰਘ ਥਾਂਦੀ ਦੀ ਪੌਣੇ ਕੁ ਚਾਰ ਏਕੜ ਦੇ ਕਰੀਬ ਸਾਂਝੀ ਜ਼ਮੀਨ ਐਬਸਫੋਰਡ ਸ਼ਹਿਰ ਵਿਚ ਸਾਊਥ ਫਰੇਜ਼ਰ ਵੇਅ 'ਤੇ ਸੀ। ਉਹਨਾਂ ਇਹ ਜ਼ਮੀਨ ਸਿੱਖ ਕੌਮ ਅਤੇ ਗੁਰਦੁਆਰਾ ਸਾਹਿਬ ਲਈ ਭੇਟ ਕਰਦਿਆਂ ਸਮੂਹ ਭਾਈਆਂ ਨੂੰ ਕਿਹਾ ਕਿ ਜੇਕਰ ਉਹ ਵਤਨ ਜਾ ਕੇ ਸ਼ਹੀਦੀ ਪਾ ਗਏ, ਤਾਂ ਉਨ੍ਹਾਂ ਦੀ ਜ਼ਮੀਨ 'ਤੇ ਗੁਰਦੁਆਰਾ ਸਾਹਿਬ ਉਸਾਰ ਦਿੱਤਾ ਜਾਵੇ।

ਬਬਰ ਅਕਾਲੀ ਲਹਿਰ ਦੇ ਨਾਇਕ ਭਾਈ ਕਰਮ ਸਿੰਘ ਬਬਰ ਨੇ ਪੰਜਾਬ ਜਾ ਕੇ ਅੰਗਰੇਜ਼ ਹਕੂਮਤ ਖ਼ਿਲਾਫ਼ ਸੰਘਰਸ਼ ਕੀਤਾ ਅਤੇ ਇਨਕਲਾਬੀ ਸੰਘਰਸ਼ ਕਰਦਿਆਂ, 1 ਸਤੰਬਰ 1923 ਨੂੰ ਜ਼ਿਲ੍ਹਾ ਕਪੂਰਥਲਾ ਦੇ ਪਿੰਡ ਬਬੇਲੀ ਵਿਖੇ ਪੁਲਿਸ ਮੁਕਾਬਲੇ ਵਿਚ ਸ਼ਹੀਦ ਹੋ ਗਏ। ਉਹਨਾਂ ਨਾਲ ਭਾਈ ਮਹਿੰਦਰ ਸਿੰਘ ਪੰਡੋਰੀ, ਭਾਈ ਗੰਗਾ ਸਿੰਘ, ਭਾਈ ਉਦੇ ਸਿੰਘ ਰਾਮਗੜ੍ਹ ਝੁੰਗੀਆਂ ਅਤੇ ਭਾਈ ਬਿਸ਼ਨ ਸਿੰਘ ਮਾਂਗਟ ਨੇ ਵੀ ਸ਼ਹੀਦੀਆਂ ਪਾਈਆਂ। ਸੱਤਵੇਂ ਪਾਤਸ਼ਾਹ ਗੁਰੂ ਹਰਿ ਰਾਏ ਸਾਹਿਬ ਜੀ ਦਾ ਅਸਥਾਨ ਗੁਰਦੁਆਰਾ ਚੌਂਤਾਂ ਸਾਹਿਬ, ਇਹਨਾਂ ਬਬਰ ਅਕਾਲੀ ਯੋਧਿਆਂ ਦਾ ਸ਼ਹੀਦੀ ਅਸਥਾਨ ਹੈ।

ਉਹਨਾਂ ਦੀ ਇੱਛਾ ਅਨੁਸਾਰ, ਉਹਨਾਂ ਦੀ ਅਤੇ ਥਾਂਦੀ ਭਰਾਵਾਂ ਦੀ ਜ਼ਮੀਨ 'ਤੇ ਐਬਸਫੋਰਡ ਵਿਖੇ ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ ਸੰਨ 1982 ਵਿੱਚ ਉਸਾਰਿਆ ਗਿਆ ਹੈ। ਦੌਲਤਪੁਰ ਵਾਸੀਆਂ ਵੱਲੋਂ ਇਸ ਮੌਕੇ 'ਤੇ ਡਾ. ਗੁਰਵਿੰਦਰ ਸਿੰਘ ਨੂੰ ਸਨਮਾਨਿਤ ਕੀਤਾ ਗਿਆ।

## ਮੈਨੀਟੋਬਾ ਦੇ ਪ੍ਰੀਮੀਅਰ ਵਾਬ ਕੀਨਿਊ ਵੱਲੋਂ ਗਿਆਨੀ ਗੁਰਮੁਖ ਸਿੰਘ ਸਰੋਏ ਦਾ ਸਨਮਾਨ



**ਵਿਨੀਪੈੱਗ**, (ਹਰਦਮ ਮਾਨ)- ਬੀਤੇ ਦਿਨੀਂ ਇਕ ਸਮਾਗਮ ਦੌਰਾਨ ਮੈਨੀਟੋਬਾ ਦੇ ਪ੍ਰੀਮੀਅਰ ਵਾਬ ਕੀਨਿਊ ਵੱਲੋਂ ਪੰਜਾਬੀ ਭਾਈਚਾਰੇ ਦੀ ਮਾਣਮੱਤੀ ਸ਼ਖ਼ਸੀਅਤ ਗਿਆਨੀ ਗੁਰਮੁਖ ਸਿੰਘ ਸਰੋਏ ਨੂੰ ਸਮਾਜਿਕ, ਸਿੱਖਿਆ ਅਤੇ ਧਾਰਮਿਕ ਖੇਤਰ ਵਿਚ ਨਿਭਾਈਆਂ ਸ਼ਾਨਦਾਰ ਸੇਵਾਵਾਂ ਲਈ ਸਨਮਾਨਿਤ ਕੀਤਾ ਗਿਆ।

ਇਹ ਜਾਣਕਾਰੀ ਦਿੰਦਿਆਂ ਰਾਜਿੰਦਰ ਸਿੰਘ ਪੰਧੇਰ ਨੇ ਦੱਸਿਆ ਹੈ ਕਿ ਗੁਰਮੁਖ ਸਿੰਘ ਸਰਾਏ ਪਿਛਲੇ 50 ਸਾਲ ਤੋਂ ਗੁਰਦੁਆਰਾ ਸਾਹਿਬ ਵਿਖੇ ਗਰੰਥੀ ਅਤੇ ਕੀਰਤਨ ਦੀਆਂ ਸੇਵਾਵਾਂ ਅਦਾ ਕਰ ਰਹੇ ਹਨ। ਉਹ ਜ਼ਿਲਾ ਮੋਗਾ ਦੇ ਪਿੰਡ ਢੁੱਡੀਕੇ ਦੇ ਜੰਮਪਲ ਹਨ ਅਤੇ ਪੰਜਾਬ ਵਿਚ ਅਧਿਆਪਕ ਵੀ ਰਹੇ ਹਨ। ਉਹ ਗੁਰਦੁਆਰਾ ਸਾਹਿਬ ਦੀ ਪੰਜ ਮੈਂਬਰੀ ਕੌਂਸਲ ਦੇ ਚੇਅਰਮੈਨ ਹਨ। ਸ. ਪੰਧੇਰ ਨੇ ਇਸ ਸਨਮਾਨ ਲਈ ਗੁਰਮੁਖ ਸਿੰਘ ਸਰੋਏ ਨੂੰ ਵਧਾਈ ਦਿੰਦਿਆਂ ਕਿਹਾ ਹੈ ਕਿ ਉਨ੍ਹਾਂ ਵੱਲੋਂ ਭਾਈਚਾਰੇ ਲਈ ਕੀਤੇ ਜਾ ਰਹੇ ਸੇਵਾ ਦੇ ਕਾਰਜਾਂ ਸਦਕਾ ਭਾਈਚਾਰਾ ਉਨ੍ਹਾਂ ਦਾ ਹਮੇਸ਼ਾ ਰਿਣੀ ਰਹੇਗਾ ਅਤੇ ਨੌਜਵਾਨ ਪੀੜ੍ਹੀ ਉਹਨਾਂ ਦੇ ਜੀਵਨ ਅਤੇ ਕਾਰਜਾਂ ਤੋਂ ਸੇਧ ਲੈ ਕੇ ਚੰਗੇਰਾ ਸਮਾਜ ਸਿਰਜਣ ਲਈ ਪ੍ਰੇਰਿਤ ਹੋਵੇਗੀ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸਿੱਖ ਸੁਸਾਇਟੀ ਆਫ ਮੈਨੀਟੋਬਾ ਵੱਲੋਂ ਵੀ ਗਿਆਨੀ ਗੁਰਮੁਖ ਸਿੰਘ ਸਰੋਏ ਨੂੰ ਸੁਨਹਿਰੀ ਮਾਣ ਪੱਤਰ ਨਾਲ ਨਿਵਾਜਿਆ ਗਿਆ। ਇਹ ਸਨਮਾਨ ਮਿਲਣ 'ਤੇ ਸ ਸਰੋਏ ਦਾ ਕਹਿਣਾ ਸੀ ਕਿ ਸਾਨੂੰ ਈਮਾਨਦਾਰੀ ਅਤੇ ਮਿਹਨਤ ਨਾਲ ਆਪਣਾ ਹਰ ਕਾਰਜ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਹਰ ਮਨੁੱਖ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫਲਸਫੇ ਅਨੁਸਾਰ ਕਿਰਤ ਕਰਨ, ਵੰਡ ਕੇ ਛਕਣ ਅਤੇ ਨਾਮ ਜਪਣ ਉਪਰ ਪਹਿਰਾ ਦੇਣਾ ਚਾਹੀਦਾ ਹੈ।


SABZI MANDI SUPERMARKET

Chal Chaliye
SABZI MANDI
Chal Chaliye ...

ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ
ਅਤੇ ਸਾਫ ਸੁਥਰੀ ਗਰੋਸਰੀ ਲਈ ਹਮੇਸ਼ਾ
ਸਬਜ਼ੀ ਮੰਡੀ ਨੂੰ ਯਾਦ ਰਖੋ

# ਕਿਰਤੀਆਂ ਲਈ ਖੁੱਲ੍ਹੇ ਰਹਿਣਗੇ ਕੈਨੇਡਾ ਦੇ ਦਰਵਾਜੇ: ਕਾਰਨੀ

ਐਡਮਿੰਟਨ : ਕੈਨੇਡਾ ਵਿਚ ਆਰਜ਼ੀ ਵਿਦੇਸ਼ੀ ਕਾਮਿਆਂ ਦੇ ਮੁੱਦੇ ’ਤੇ ਬਹਿਸ ਭਖਣ ਦਰਮਿਆਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਸਾਫ਼ ਲਫ਼ਜ਼ਾਂ ਵਿਚ ਆਖ ਦਿਤਾ ਹੈ ਕਿ ਕਿਰਤੀਆਂ ਦੀ ਆਮਦ ਜਾਰੀ ਰਹੇਗੀ ਪਰ ਫੈਡਰਲ ਸਰਕਾਰ ਟੈਂਪਰੇਰੀ ਫੌਰਨ ਵਰਕਰ ਪ੍ਰੋਗਰਾਮ ਵਿਚ ਤਬਦੀਲੀਆਂ ਕਰ ਰਹੀ ਹੈ। ਐਡਮਿੰਟਨ ਵਿਖੇ ਲਿਬਰਲ ਕੌਕਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੁਝ ਖਾਸ ਖੇਤਰਾਂ ਅਤੇ ਸੂਬਿਆਂ ਦੀਆਂ ਜ਼ਰੂਰਤਾਂ ਵੱਲ ਧਿਆਨ ਕੇਂਦਰਤ ਕਰਨਾ ਹੋਵੇਗਾ ਅਤੇ ਸਰਕਾਰ ਇਸ ਪਾਸੇ ਸਰਗਰਮੀ ਨਾਲ ਕੰਮ ਕਰ ਰਹੀ ਹੈ। ਮਾਰਕ ਕਾਰਨੀ ਵੱਲੋਂ ਸੰਭਾਵਤ ਤਬਦੀਲੀਆਂ ਬਾਰੇ ਕੋਈ ਵੇਰਵਾ ਨਹੀਂ ਦਿਤਾ ਗਿਆ। ਇਥੇ ਦਸਣਾ ਬਣਦਾ ਹੈ ਕਿ ਕੰਜ਼ਰਵੇਟਿਵ ਪਾਰਟੀ ਦੇ ਆਗੂ ਪਿਅਰੇ ਪੌਇਲੀਐਵ ਆਰਜ਼ੀ ਵਿਦੇਸ਼ੀ ਕਾਮਿਆਂ ਲਈ ਦਰਵਾਜ਼ੇ ਪੱਕੇ ਤੌਰ ’ਤੇ ਬੰਦ ਕਰਨ ਦਾ ਸੱਦਾ ਦੇ ਰਹੇ ਹਨ।




**ਆਰਜ਼ੀ ਵਿਦੇਸ਼ੀ ਕਾਮਿਆਂ ਲਈ ਨਵੀਂ ਯੋਜਨਾ ਜਲਦ:**

ਬਰੈਂਪਟਨ ਵਿਖੇ ਪ੍ਰੈਸ ਕਾਨਫਰੰਸ ਦੌਰਾਨ ਉਨ੍ਹਾਂ ਕਿਹਾ ਕਿ ਵੱਡੇ ਪੱਧਰ ’ਤੇ ਪ੍ਰਵਾਸੀਆਂ ਦੀ ਆਮਦ ਬੇਰੁਜ਼ਗਾਰੀ ਦਾ ਕਾਰਨ ਬਣ ਰਹੀ ਹੈ। ਉਨ੍ਹਾਂ ਨਾਲ ਹੀ ਕਿਹਾ ਕਿ ਕੈਨੇਡਾ ਵਿਚ ਰੁਜ਼ਗਾਰ ਜਾਂ ਰਿਹਾਇਸ਼ ਦੇ ਸੰਕਟ ਲਈ ਪ੍ਰਵਾਸੀ ਜ਼ਿੰਮੇਵਾਰ ਨਹੀਂ ਸਗੋਂ ਵੱਡੀ ਗਿਣਤੀ ਵਿਚ ਉਨ੍ਹਾਂ ਨੂੰ ਸੱਦਣ ਵਾਲੀ ਸਰਕਾਰ ਜ਼ਿੰਮੇਵਾਰ ਹੈ। ਉਧਰ ਸਾਬਕਾ ਇੰਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੂੰ ਟੋਰੀ ਆਗੂ ਦੀਆਂ ਟਿੱਪਣੀਆਂ ਬਿਲਕੁਲ ਵੀ ਚੰਗੀਆਂ ਨਾ ਲੱਗੀਆਂ ਅਤੇ ਉਨ੍ਹਾਂ ਨੇ ਪੌਇਲੀਐਵ ਨੂੰ ਪ੍ਰਵਾਸੀ ਵਿਰੋਧੀ ਕਰਾਰ ਦੇ ਦਿਤਾ। ਦੱਸ ਦੇਈਏ ਕਿ ਹਾਲ ਹੀ ਵਿਚ ਆਏ ਇਕ ਸਰਵੇਖਣ ਦੌਰਾਨ ਕੈਨੇਡਾ ਦੇ ਤਕਰੀਬਨ 50 ਫੀ ਸਦੀ ਲੋਕਾਂ ਨੇ ਟੈਂਪਰੇਰੀ ਫ਼ੌਰਨ ਵਰਕਰ ਪ੍ਰੋਗਰਾਮ ਬੰਦ ਕਰਨ ਦੀ ਹਮਾਇਤ ਕੀਤੀ ਪਰ ਮਾਹਰਾਂ ਦਾ ਕਹਿਣਾ ਹੈ ਕਿ ਆਰਜ਼ੀ ਵਿਦੇਸ਼ੀ ਕਾਮਿਆਂ ਲਈ ਦਰਵਾਜ਼ੇ ਬੰਦ ਕੀਤੇ ਤਾਂ ਖੇਤੀ ਸੈਕਟਰ ਸਣੇ ਕਈ ਖੇਤਰਾਂ ਵਿਚ ਹਾਲਾਤ ਵਿਗੜ ਜਾਣਗੇ।

**ਸਾਬਕਾ ਇੰਮੀਗ੍ਰੇਸ਼ਨ ਮੰਤਰੀ ਨੇ ਪੌਇਲੀਐਵ ਨੂੰ ਪ੍ਰਵਾਸੀ ਵਿਰੋਧੀ ਦੱਸਿਆ:**

ਉਨ੍ਹਾਂ ਦਲੀਲ ਦਿਤੀ ਕਿ ਵੱਡੀ ਗਿਣਤੀ ਵਿਚ ਕੈਨੇਡੀਅਨ ਉਹ ਕੰਮ ਕਰਨਾ ਨਹੀਂ ਚਾਹੁੰਦੇ ਜਿਨ੍ਹਾਂ ਵਾਸਤੇ ਆਰਜ਼ੀ ਵਿਦੇਸ਼ੀ ਕਾਮਿਆਂ ਨੂੰ ਸੱਦਿਆ ਜਾਂਦਾ ਹੈ। ਇੰਮੀਗ੍ਰੇਸ਼ਨ ਵਿਭਾਗ ਨੇ ਦਾਅਵਾ ਕੀਤਾ ਹੈ ਕਿ ਮੌਜੂਦਾ ਵਰ੍ਹੇ ਦੌਰਾਨ ਸਿਰਫ਼ 33,722 ਆਰਜ਼ੀ ਵਿਦੇਸ਼ੀ ਕਾਮਿਆਂ ਨੂੰ ਵੀਜ਼ੇ ਦਿਤੇ ਗਏ। ਇਹ ਗਿਣਤੀ ਫੈਡਰਲ ਸਰਕਾਰ ਵੱਲੋਂ 2025 ਲਈ ਤੈਅ ਟੀਚੇ ਦਾ 42 ਫੀ ਸਦੀ ਬਣਦੀ ਹੈ। ਇੰਮੀਗ੍ਰੇਸ਼ਨ ਮੰਤਰੀ ਲੀਨਾ ਡਿਆਬ ਦੀ ਇਕ ਤਰਜਮਾਨ ਮੁਤਾਬਕ ਮੌਜੂਦਾ ਵਰ੍ਹੇ ਦੌਰਾਨ ਕੈਨੇਡਾ ਪੁੱਜੇ ਵਿਦੇਸ਼ੀ ਕਾਮਿਆਂ ਦੀ ਗਿਣਤੀ ਵਿਚ ਵੱਡੀ ਕਮੀ ਆਈ ਹੈ ਅਤੇ ਪਹਿਲੇ 6 ਮਹੀਨੇ ਦੌਰਾਨ 1 ਲੱਖ 19 ਹਜ਼ਾਰ ਵਿਦੇਸ਼ੀ ਕਾਮੇ ਕੈਨੇਡਾ ਪੁੱਜੇ ਜਦਕਿ ਪਿਛਲੇ ਸਾਲ 2 ਲੱਖ 45 ਹਜ਼ਾਰ ਕਾਮਿਆਂ ਨੇ ਕੈਨੇਡਾ ਦੀ ਧਰਤੀ ’ਤੇ ਕਦਮ ਰੱਖਿਆ ਸੀ।

# ਸ਼ਰਾਬੀ ਡਰਾਈਵਰ ਦੀ ਲਾਪ੍ਰਵਾਹੀ 2 ਸਾਊਥ ਏਸ਼ੀਅਨ ਔਰਤਾਂ ਦੀ ਮੌਤ ਦਾ ਬਣ ਗਈ ਕਾਰਨ



**ਵੈਨਕੂਵਰ:** ਕੈਨੇਡਾ ਵਿਚ ਇਕ ਸ਼ਰਾਬੀ ਡਰਾਈਵਰ ਦੀ ਘੋਰ ਲਾਪ੍ਰਵਾਹੀ 2 ਸਾਊਥ ਏਸ਼ੀਅਨ ਔਰਤਾਂ ਦੀ ਮੌਤ ਦਾ ਕਾਰਨ ਬਣ ਗਈ। ਹੌਲਨਾਕ ਹਾਦਸਾ ਬੀ.ਸੀ. ਦੇ ਕੈਮਲੂਪਸ ਸ਼ਹਿਰ ਨੇੜੇ ਕੌਕੁਈਹੈਲਾ ਹਾਈਵੇਅ ’ਤੇ ਵਾਪਰਿਆ ਅਤੇ ਔਰਤਾਂ ਦੀ ਸ਼ਨਾਖਤ ਉਤਸੁਕਤਾ ਅਧਿਕਾਰੀ ਅਤੇ ਮਦੁਨੀ ਚਤੁਰਦਾ ਵਜੋਂ ਕੀਤੀ ਗਈ ਹੈ। ਬੀ.ਸੀ. ਹਾਈਵੇਅ ਪੈਟਰੋਲ ਨੇ ਦੱਸਿਆ ਕਿ ਜਾਨਲੇਵਾ ਹਾਦਸੇ ਮਗਰੋਂ ਇਕ ਸ਼ਰਾਬੀ ਡਰਾਈਵਰ ਤੋਂ ਪੁੱਛ ਪੜਤਾਲ ਕੀਤੀ ਜਾ ਰਹੀ ਹੈ। ਮੀਡੀਆ ਰਿਪੋਰਟ ਮੁਤਾਬਕ ਦੋਵੇਂ ਔਰਤਾਂ ਸਫ਼ੈਦ ਰੰਗ ਦੀ ਹਿਊਂਡਈ ਕੋਨਾ ਵਿਚ ਜਾ ਰਹੀਆਂ ਸਨ ਜਦੋਂ ਡੌਜ ਰੇਮ ਪਿਕਅੱਪ ਟਰੱਕ ਨੇ ਟੱਕਰ ਮਾਰੀ।

ਹਾਈਵੇਅ ਪੈਟਰੋਲ ਦੇ ਕਾਰਪੋਰਲ ਮਾਈਕਲ ਮੈਕਲਾਫਲਿਨ ਨੇ ਦੱਸਿਆ ਕਿ ਹਾਦਸੇ ਦੇ ਗਵਾਹਾਂ ਜਾਂ ਡੈਸ਼ਕੈਮ ਵੀਡੀਓ ਦੀ ਤਲਾਸ਼ ਕਰਦਿਆਂ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਜੇ ਕਿਸੇ ਕੋਲ ਕੋਈ ਜਾਣਕਾਰੀ ਹੋਵੇ ਤਾਂ ਬੀ.ਸੀ. ਹਾਈਵੇਅ ਪੈਟਰੋਲ ਦੀ ਕੈਮਲੂਪਸ ਇਕਾਈ ਨਾਲ 250 828 3111 ’ਤੇ ਸੰਪਰਕ ਕੀਤਾ ਜਾਵੇ। ਦੂਜੇ ਪਾਸੇ ਕੈਮਲੂਪਸ ਦੇ ਸ਼ਿਵ ਸ਼ਕਤੀ ਮੰਦਰ ਅਤੇ ਨੇਪਾਲੀ ਸੋਸਾਇਟੀ ਵੱਲੋਂ ਗੋਫੰਡਮੀ ਪੇਜ ਸਥਾਪਤ ਕੀਤਾ ਗਿਆ ਹੈ। ਦੱਸ ਦੇਈਏ ਕਿ ਹਾਦਸੇ ਦੌਰਾਨ ਦੋ ਜਣੇ ਜ਼ਖਮੀ ਵੀ ਹੋਏ ਜਿਨ੍ਹਾਂ ਵਿਚੋਂ ਇਕ ਦੀ ਪਛਾਣ ਬਿਕਾਸ਼ ਭੰਡਾਰੀ ਵਜੋਂ ਕੀਤੀ ਗਈ ਹੈ ਪਰ ਉਤਸੁਕਤਾ ਨਾਲ ਉਸ ਦੇ ਰਿਸ਼ਤੇ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ। ਉਤਸੁਕਤਾ ਪੜ੍ਹਨ ਵਿਚ ਬਹੁਤ ਹੁਸ਼ਿਆਰ ਸੀ ਅਤੇ ਹਾਲ ਹੀ ਵਿਚ ਉਸ ਨੇ ਥੌਂਪਸਨ ਰਿਵਰਜ਼ ਯੂਨੀਵਰਸਿਟੀ ਤੋਂ ਡਿਗਰੀ ਮੁਕੰਮਲ ਕੀਤੀ। ਮਦੁਨੀ ਚਤੁਰਦਾ ਦੇ ਪਤੀ ਵੱਲੋਂ ਵੀ ਗੋਫੰਡਮੀ ਪੇਜ ਸਥਾਪਤ ਕੀਤਾ ਗਿਆ ਹੈ ਜੋ ਆਪਣੇ ਪਿੱਛੇ 7 ਸਾਲ ਦਾ ਬੱਚਾ ਛੱਡ ਗਈ ਹੈ।



# PUNJABI JOURNAL

Volume: 18, Issue: 37 || Ph: 604-312-5678 || Friday, September 12, 2025


## ਸੂਬੇ ਨੇ ਬੀ.ਸੀ. ਭਰ ਵਿੱਚ ਨਰਸ ਪ੍ਰੈਕਟੀਸ਼ਨਰਾਂ ਦੀ ਸਿਖਲਾਈ ਲਈ ਹੋਰ ਸੀਟਾਂ ਉਪਲਬਧ ਕੀਤੀਆਂ

ਸਰ੍ਹੀ – ਸੂਬੇ ਨੇ ਤਿੰਨ ਪੋਸਟ-ਸੈਕੰਡਰੀ ਸੰਸਥਾਵਾਂ ਵਿੱਚ ਨਰਸ ਪ੍ਰੈਕਟੀਸ਼ਨਰ ਸਿਖਲਾਈ ਲਈ 65 ਨਵੀਆਂ ਸੀਟਾਂ ਉਪਲਬਧ ਕੀਤੀਆਂ ਹਨ, ਜਿਸ ਨਾਲ ਸੂਬੇ ਭਰ ਦੇ ਪੰਜ ਖੇਤਰਾਂ ਵਿੱਚ ਸਿਖਲਾਈ ਹੁਣ ਪਹੁੰਚਯੋਗ ਹੈ। ਇਸ ਨਾਲ ਬੀ.ਸੀ. ਦੇ ਸਿਹਤ-ਸੰਭਾਲ ਕਾਰਜਬਲ ਦੇ ਵਿਕਾਸ ਨੂੰ ਵੀ ਸਹਿਯੋਗ ਮਿਲਦਾ ਹੈ।



"ਜਦੋਂ ਤੁਹਾਨੂੰ ਜਾਂ ਤੁਹਾਡੇ ਪਰਿਵਾਰ ਵਿੱਚ ਕਿਸੇ ਨੂੰ ਦੇਖਭਾਲ ਦੀ ਲੋੜ ਪੈਂਦੀ ਹੈ, ਤਾਂ ਤੁਹਾਨੂੰ ਇੰਤਜ਼ਾਰ ਕਰਨ, ਦੂਰ ਤੱਕ ਸਫ਼ਰ ਕਰਨ, ਜਾਂ ਇਸ ਬਾਰੇ ਚਿੰਤਾ ਕਰਨ ਦੀ ਲੋੜ ਨਹੀਂ ਹੋਣੀ ਚਾਹੀਦੀ ਕਿ ਤੁਹਾਡੀਆਂ ਜ਼ਰੂਰਤਾਂ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ ਜਾਂ ਨਹੀਂ," ਪੋਸਟ-ਸੈਕੰਡਰੀ ਸਿੱਖਿਆ ਅਤੇ ਭਵਿੱਖ ਦੇ ਹੁਨਰ ਮੰਤਰੀ, ਜੈਸੀ ਸੁੰਨੜ ਨੇ ਕਿਹਾ। "ਇਸੇ ਲਈ ਅਸੀਂ ਬੀ.ਸੀ. ਭਰ ਵਿੱਚ ਨਰਸ ਪ੍ਰੈਕਟੀਸ਼ਨਰ ਸਿਖਲਾਈ ਦਾ ਵਿਸਤਾਰ ਕਰ ਰਹੇ ਹਾਂ, ਤਾਂ ਜੋ ਵਧੇਰੇ ਲੋਕਾਂ ਨੂੰ ਆਪਣੇ ਭਾਈਚਾਰਿਆਂ ਵਿੱਚ ਸਮੇਂ ਸਿਰ, ਵਿਅਕਤੀਗਤ ਦੇਖਭਾਲ ਮਿਲ ਸਕੇ। ਅਸੀਂ ਇਹ ਯਕੀਨੀ ਬਣਾ ਰਹੇ ਹਾਂ ਕਿ ਵਧੇਰੇ ਪਰਿਵਾਰਾਂ ਕੋਲ ਉਨ੍ਹਾਂ ਦੇ ਨੇੜੇ ਹੀ ਭਰੋਸੇਮੰਦ ਸਿਹਤ ਪ੍ਰਦਾਨਕ ਉਪਲਬਧ ਹੋਣ, ਜੋ ਉਦੋਂ ਮਦਦ ਕਰਨ ਲਈ ਤਿਆਰ ਹੋਣ ਜਦੋਂ ਅਤੇ ਜਿੱਥੇ ਉਨ੍ਹਾਂ ਦੀ ਸਭ ਤੋਂ ਵੱਧ ਲੋੜ ਹੈ।"

ਸਰਕਾਰ ਬੀ.ਸੀ. ਭਰ ਦੇ NP ਪ੍ਰੋਗਰਾਮਾਂ ਵਿੱਚ 65 ਨਵੀਆਂ ਸੀਟਾਂ ਉਪਲਬਧ ਕਰ ਰਹੀ ਹੈ, ਜਿਸ ਵਿੱਚ ਸ਼ਾਮਲ ਹਨ: ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ (UBC) ਵਿੱਚ 30 ਸੀਟਾਂ; ਯੂਨੀਵਰਸਿਟੀ ਆਫ ਨੌਰਦਰਨ ਬ੍ਰਿਟਿਸ਼ ਕੋਲੰਬੀਆ (UNBC) ਵਿੱਚ 20 ਸੀਟਾਂ; ਅਤੇ ਯੂਨੀਵਰਸਿਟੀ ਆਫ ਵਿਕਟੋਰੀਆ (UiVc) ਵਿੱਚ 15 ਸੀਟਾਂ। ਸਰਕਾਰ 65 ਨਵੀਆਂ ਸੀਟਾਂ ਲਈ ਹਰੇਕ ਸਾਲ ਆਰਥਿਕ ਸਹਾਇਤਾ ਵਿੱਚ $4.7 ਮਿਲੀਅਨ ਦੇਵੇਗੀ। ਇਸ ਵਿਸਤਾਰ ਨੂੰ ਵਧੇਰੇ ਸਹਿਯੋਗ ਦੇਣ ਲਈ, ਸਰਕਾਰ ਨੇ ਸੁਵਿਧਾਵਾਂ ਦੇ ਨਵੀਨੀਕਰਨ ਲਈ UNBC ਨੂੰ $4.1 ਮਿਲੀਅਨ ਅਤੇ UBC ਨੂੰ $17.5 ਮਿਲੀਅਨ ਵੀ ਦਿੱਤੇ। ਸੀਟਾਂ ਵਿੱਚ ਇਸ ਵਾਧੇ ਨਾਲ, ਬੀ.ਸੀ. ਵਿੱਚ ਨਰਸ ਪ੍ਰੈਕਟੀਸ਼ਨਰ ਬਣਨ ਲਈ ਸਿਖਲਾਈ ਲੈਣ ਵਾਲੇ ਲੋਕਾਂ ਦੀ ਗਿਣਤੀ ਵੱਧ ਕੇ 165 ਪ੍ਰਤੀ ਸਾਲ ਹੋ ਗਈ ਹੈ।

ਸਤੰਬਰ 2025 ਵਿੱਚ, UBC ਨੇ ਆਪਣੀਆਂ 30 ਨਵੀਆਂ ਸੀਟਾਂ ਨੂੰ ਮੁੱਖ ਵੈਨਕੂਵਰ ਕੈਂਪਸ ਤੋਂ ਸਰ੍ਹੀ ਵਿੱਚ ਇੱਕ ਹਾਲ ਹੀ ਵਿੱਚ ਨਵੀਨੀਕਰਨ ਕੀਤੀ ਥਾਂ ਵਿੱਚ ਤਬਦੀਲ ਕੀਤਾ। ਇਸਦਾ ਮਤਲਬ ਹੈ ਕਿ NP ਪ੍ਰੋਗਰਾਮ ਹੁਣ ਲੋਅਰ ਮੇਨਲੈਂਡ, ਉੱਤਰੀ ਬੀ.ਸੀ., ਵੈਨਕੂਵਰ ਆਈਲੈਂਡ ਅਤੇ ਦੱਖਣੀ ਇੰਟੀਰੀਅਰ ਇਲਾਕਿਆਂ ਤੋਂ ਇਲਾਵਾ, ਫਰੇਜ਼ਰ ਖੇਤਰ ਦੇ ਵਿਦਿਆਰਥੀਆਂ ਲਈ ਵੀ ਪਹੁੰਚਯੋਗ ਹੈ।

"ਨਰਸ ਪ੍ਰੈਕਟੀਸ਼ਨਰ ਸਾਡੀਆਂ ਪ੍ਰਾਇਮਰੀ-ਕੇਅਰ ਟੀਮਾਂ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹਨ, ਲੋਕਾਂ ਨੂੰ ਲੰਮੇ ਉਡੀਕ ਸਮਿਆਂ ਜਾਂ ਇਲਾਜ ਲਈ ਲੰਮਾ ਸਫ਼ਰ ਕਰੇ ਬਿਨਾਂ ਉਨ੍ਹਾਂ ਦੇ ਆਪਣੇ ਭਾਈਚਾਰਿਆਂ ਵਿੱਚ ਲੋੜੀਂਦੀ ਸੰਭਾਲ ਲੈਣ ਵਿੱਚ ਸਹਾਇਤਾ ਕਰਦੇ ਹਨ," ਸਿਹਤ ਮੰਤਰੀ, ਜੋਜ਼ੀ ਔਸਬੋਰਨ ਨੇ ਕਿਹਾ। "ਸਾਡੇ ਸੂਬੇ ਵਿੱਚ ਸਿਖਲਾਈ ਦੇ ਮੌਕਿਆਂ ਦਾ ਵਿਸਤਾਰ ਕਰਕੇ, ਅਸੀਂ ਨਾ ਸਿਰਫ ਕਲਾਸਰੂਮਾਂ ਵਿੱਚ ਵਧੇਰੇ ਸੀਟਾਂ ਉਪਲਬਧ ਕਰ ਰਹੇ ਹਾਂ, ਬਲਕਿ ਅਸੀਂ ਇੱਕ ਵਧੇਰੇ ਮਜ਼ਬੂਤ, ਸੰਗਠਿਤ ਸਿਹਤ-ਸੰਭਾਲ ਕਾਰਜਬਲ ਦਾ ਨਿਰਮਾਣ ਕਰ ਰਹੇ ਹਾਂ ਜੋ ਆਉਣ ਵਾਲੇ ਸਾਲਾਂ ਵਿੱਚ ਲੋਕਾਂ ਅਤੇ ਪਰਿਵਾਰਾਂ ਨੂੰ ਸਹਿਯੋਗ ਦੇਵੇਗਾ।"

ਇਸਦੇ ਨਾਲ ਹੀ, ਬੱਜਟ 2021 ਦੇ ਹਿੱਸੇ ਵਜੋਂ, ਸਰਕਾਰ ਨੇ ਥੌਮਪਸਨ ਰਿਵਰ ਯੂਨੀਵਰਸਿਟੀ (TRU) ਵਿਖੇ ਇੱਕ ਨਵਾਂ 15-ਸੀਟਾਂ ਵਾਲਾ ਨਰਸ ਪ੍ਰੈਕਟੀਸ਼ਨਰ ਪ੍ਰੋਗਰਾਮ ਸ਼ੁਰੂ ਕਰਨ ਵਿੱਚ ਸਹਾਇਤਾ ਕੀਤੀ, ਜੋ ਮਈ 2023 ਵਿੱਚ ਖੋਲ੍ਹਿਆ ਗਿਆ ਸੀ, ਅਤੇ UiVc ਵਿੱਚ ਉਨ੍ਹਾਂ ਚਾਹਵਾਨ ਨਰਸ ਪ੍ਰੈਕਟੀਸ਼ਨਰਾਂ ਲਈ ਇੱਕ ਨਵੀਂ ਪ੍ਰੋਗਰਾਮ ਪ੍ਰਣਾਲੀ ਸ਼ੁਰੂ ਕੀਤੀ ਗਈ, ਜਿਨ੍ਹਾਂ ਕੋਲ ਪਹਿਲਾਂ ਹੀ ਮਾਸਟਰਜ਼ ਆਫ ਨਰਸਿੰਗ ਦੀ ਡਿਗਰੀ ਹੈ। ਸਰਕਾਰ TRU ਵਿੱਚ ਨਵੇਂ NP ਪ੍ਰੋਗਰਾਮ ਅਤੇ UiVc ਵਿੱਚ ਨਵੀਂ ਪੋਸਟ-ਡਿਗਰੀ NP ਪ੍ਰੋਗਰਾਮ ਪ੍ਰਣਾਲੀ ਲਈ ਪ੍ਰਤੀ ਸਾਲ $1 ਮਿਲੀਅਨ ਤੋਂ ਵੱਧ ਦੀ ਆਰਥਿਕ ਸਹਾਇਤਾ ਦੇਣ ਲਈ ਵਚਨਬੱਧ ਹੈ।

"ਸਰ੍ਹੀ ਵਿੱਚ NP ਪ੍ਰੋਗਰਾਮ ਦਾ ਵਿਸਤਾਰ ਮੈਨੂੰ ਭਾਈਚਾਰੇ ਵਿੱਚ ਨਾ ਸਿਰਫ਼ ਸਿੱਖਣ ਦਾ ਮੌਕਾ ਦਿੰਦਾ ਹੈ, ਬਲਕਿ ਉਸੇ ਭਾਈਚਾਰੇ ਨਾਲ ਜੁੜਨ ਦਾ ਮੌਕਾ ਵੀ ਦਿੰਦਾ ਹੈ ਜਿਸ ਵਿੱਚ ਮੈਂ ਕੰਮ ਕਰਨ ਦੀ ਉਮੀਦ ਕਰਦੀ ਹਾਂ। ਇਹ ਇੱਕ ਅਜਿਹਾ ਕਾਰਕ ਸੀ ਜਿਸਨੇ ਮੇਰੇ UBC ਵਿੱਚ ਆਪਣੀ ਪੜ੍ਹਾਈ ਅੱਗੇ ਵਧਾਉਣ ਦੇ ਫੈਸਲੇ ਵਿੱਚ ਅਹਿਮ ਭੂਮਿਕਾ ਨਿਭਾਈ," UBC ਦੇ NP ਪ੍ਰੋਗਰਾਮ ਵਿੱਚ ਦੂਜੇ ਸਾਲ ਦੇ ਵਿਦਿਆਰਥੀ, ਐਲੈਗਜ਼ੈਂਡਰਾ ਜੂਡ ਨੇ ਕਿਹਾ। "ਘਰ ਦੇ ਨੇੜੇ ਪੜ੍ਹਾਈ ਪੂਰੀ ਕਰਨ ਦੀ ਸਹੂਲਤ ਕਰਕੇ ਮੈਂ ਆਪਣੇ ਸਕੂਲ ਅਤੇ ਨਿੱਜੀ ਜ਼ਿੰਦਗੀ ਵਿੱਚ ਇੱਕ ਸਥਿਰ ਅਤੇ ਆਨਦਮਈ ਸੰਤੁਲਨ ਬਣਾਉਣ ਦੇ ਸਮਰੱਥ ਹੋਈ ਹਾਂ, ਜਿਸ ਨਾਲ ਮੈਨੂੰ ਆਪਣੇ ਪਰਿਵਾਰ ਵੱਲ ਧਿਆਨ ਦੇਣ ਵਿੱਚ ਵੀ ਮਦਦ ਮਿਲੀ ਹੈ। ਮੈਨੂੰ ਪਤਾ ਹੈ ਕਿ ਭਵਿੱਖ ਦੇ ਵਿਦਿਆਰਥੀਆਂ ਨੂੰ ਵੀ ਇਸ ਵਿਸਤਾਰ ਦੇ ਵਿਕਲਪ ਤੋਂ ਬਹੁਤ ਲਾਭ ਪਹੁੰਚੇਗਾ।"

ਸਾਲ 2018 ਵਿੱਚ, ਸੂਬੇ ਨੇ ਬੀ.ਸੀ. ਭਰ ਵਿੱਚ ਮਰੀਜ਼ਾਂ ਨੂੰ ਸੰਭਾਲ ਪ੍ਰਦਾਨਕਾਂ ਨਾਲ ਜੋੜਨ ਅਤੇ ਉਨ੍ਹਾਂ ਦੀ ਗੁਣਵੱਤਾ ਭਰੀ ਸੰਭਾਲ ਤੱਕ ਪਹੁੰਚ, ਅਤੇ ਟੀਮ-ਅਧਾਰਤ ਅਤੇ ਵਿਅਕਤੀ-ਕੇਂਦਰਿਤ ਮੁੱਢਲੀ ਸੰਭਾਲ ਸੇਵਾਵਾਂ ਤੱਕ ਪਹੁੰਚ ਨੂੰ ਵਧਾਉਣ ਲਈ ਆਪਣੀ ਮੁੱਢਲੀ-ਸੰਭਾਲ ਕਾਰਜਨੀਤੀ ਦੀ ਸ਼ੁਰੂਆਤ ਕੀਤੀ। ਮੁੱਢਲੀ ਸੰਭਾਲ ਅਤੇ ਐਕਿਊਟ ਕੇਅਰ ਪ੍ਰਦਾਨਕ , ਦੋਵਾਂ ਦੇ ਰੂਪ ਵਿੱਚ, ਵਧੇਰੇ ਨਰਸ ਪ੍ਰੈਕਟੀਸ਼ਨਰਾਂ ਨੂੰ ਸਿਖਲਾਈ ਦੇਣ ਨਾਲ ਬੀ.ਸੀ. ਦੇ ਸੰਭਾਲ ਨੈਟਵਰਕ ਨੂੰ ਵਧਾਉਣ ਵਿੱਚ ਸਹਾਇਤਾ ਮਿਲੇਗੀ ਅਤੇ ਘੱਟ ਸੇਵਾ ਪ੍ਰਾਪਤ ਆਬਾਦੀਆਂ, ਜਿਵੇਂ ਕਿ ਪੇਂਡੂ ਜਾਂ ਦੂਰ-ਦੁਰਾਡੇ ਦੇ ਖੇਤਰਾਂ ਵਿੱਚ ਮੌਜੂਦ ਕਮੀਆਂ ਨੂੰ ਦੂਰ ਕਰਨ ਵਿੱਚ ਮਦਦ ਮਿਲੇਗੀ।

ਪੋਸਟ-ਸੈਕੰਡਰੀ ਸਿੱਖਿਆ ਅਤੇ ਭਵਿੱਖ ਦੇ ਹੁਨਰ ਮੰਤਰਾਲਾ ਅਤੇ ਸਿਹਤ ਮੰਤਰਾਲਾ ਇਹ ਯਕੀਨੀ ਬਣਾਉਣ ਲਈ ਮਿਲ ਕੇ ਕੰਮ ਕਰ ਰਹੇ ਹਨ ਕਿ ਬੀ.ਸੀ. ਕੋਲ ਉਹ ਸਿਹਤ ਸੰਭਾਲ ਪੇਸ਼ੇਵਰ ਹੋਣ ਜਿਨ੍ਹਾਂ ਦੀ ਸੂਬੇ ਨੂੰ ਲੋੜ ਹੈ; ਕਿਉਂਕਿ ਬੀ.ਸੀ. ਦੇ ਸਿਹਤ ਕਾਰਜਬਲ ਨੂੰ ਸਹਿਯੋਗ ਦੇਣਾ ਸਾਡੀਆਂ ਸਭ ਤੋਂ ਮਹੱਤਵਪੂਰਨ ਤਰਜੀਹਾਂ ਵਿੱਚੋਂ ਇੱਕ ਹੈ।

**ਫ਼ੌਰੀ ਤੱਥ:**

- ਨਰਸ ਪ੍ਰੈਕਟੀਸ਼ਨਰਾਂ ਦਾ ਪਿਛੋਕੜ ਨਰਸਿੰਗ ਵਿੱਚ ਹੁੰਦਾ ਹੈ ਅਤੇ ਇਹ ਡਾਕਟਰਾਂ ਵਾਂਗ "ਸਭ ਤੋਂ ਜ਼ੁੰਮੇਵਾਰ ਪ੍ਰਦਾਨਕ" ਵਜੋਂ ਕੰਮ ਕਰਨ ਲਈ ਮਾਸਟਰ ਪੱਧਰ ਦੀ ਕਲੀਨਿਕਲ ਸਿਖਲਾਈ ਪੂਰੀ ਕਰਦੇ ਹਨ।
- ਨਰਸ ਪ੍ਰੈਕਟੀਸ਼ਨਰ ਅਕਸਰ ਇੱਕ ਪ੍ਰਾਇਮਰੀ ਕੇਅਰ ਨੈਟਵਰਕ ਦੇ ਹਿੱਸੇ ਵਜੋਂ ਕੰਮ ਕਰਦੇ ਹਨ, ਜਿਸ ਵਿੱਚ ਪਰਿਵਾਰਕ ਡਾਕਟਰ, ਰਜਿਸਟਰਡ ਨਰਸਾਂ, ਫਾਰਮੇਸਿਸਟ, ਸਮਾਜ ਸੇਵਕ, ਮਿਡਵਾਇਵਜ਼, ਮਾਨਸਿਕ ਸਿਹਤ ਪੇਸ਼ੇਵਰ, ਇੰਡੀਜਨਸ ਅਤੇ ਕਮਿਊਨਿਟੀ ਪ੍ਰਦਾਨਕ ਅਤੇ ਹੋਰ ਸ਼ਾਮਲ ਹੋ ਸਕਦੇ ਹਨ।
- ਨਰਸ ਪ੍ਰੈਕਟੀਸ਼ਨਰ ਹਸਪਤਾਲਾਂ ਵਿੱਚ ਜਾਂ ਵਿਸ਼ੇਸ਼ ਆਊਟਪੇਸ਼ੈਂਟ ਸੈਟਿੰਗਾਂ ਵਿੱਚ ਐਕਿਊਟ ਕੇਅਰ ਵਿੱਚ ਵੀ ਕੰਮ ਕਰਦੇ ਹਨ।
- ਸਾਲ 2024 ਦੇ ਲੇਬਰ ਮਾਰਕੀਟ ਦੇ ਬਿਓਰੇ ਮੁਤਾਬਕ, ਨਰਸ ਪ੍ਰੈਕਟੀਸ਼ਨਰ ਇੱਕ "ਵੱਡੇ ਮੌਕਿਆਂ ਵਾਲਾ ਕਿੱਤਾ" ਹੋਵੇਗਾ, ਜਿਸਦਾ ਮਤਲਬ ਹੈ ਕਿ ਅਗਲੇ ਦਹਾਕੇ ਵਿੱਚ ਹੋਰ ਕਿੱਤਿਆਂ ਦੇ ਮੁਕਾਬਲੇ ਨਰਸ ਪ੍ਰੈਕਟੀਸ਼ਨਰਾਂ ਦੀ ਵਧੇਰੇ ਮੰਗ ਹੋਵੇਗੀ, ਇਨ੍ਹਾਂ ਨੂੰ ਉੱਚ ਤਨਖਾਹਾਂ ਮਿਲਣਗੀਆਂ ਅਤੇ ਇਨ੍ਹਾਂ ਲਈ ਕੰਮ ਦੇ ਵਧੇਰੇ ਮੌਕੇ ਉਪਲਬਧ ਹੋਣਗੇ।
- ਸਰਕਾਰ ਨੇ 17 ਜਨਤਕ ਪੋਸਟ-ਸੈਕੰਡਰੀ ਸੰਸਥਾਵਾਂ ਵਿੱਚ 362 ਰਜਿਸਟਰਡ ਨਰਸਿੰਗ ਸੀਟਾਂ, 40 ਰਜਿਸਟਰਡ ਸਾਈਕਿਆਟ੍ਰਿਕ (ਮਨੋਵਿਗਿਆਨਿਕ) ਨਰਸਿੰਗ ਸੀਟਾਂ ਅਤੇ 180 ਲਾਇਸੈਂਸਸ਼ੁਦਾ ਪ੍ਰੈਕਟੀਕਲ ਨਰਸ ਸੀਟਾਂ ਵੀ ਸ਼ਾਮਲ ਕੀਤੀਆਂ ਹਨ।


WESTERN COMMUNITY COLLEGE



JUMPSTART YOUR CAREER WITH WESTERN COMMUNITY COLLEGE!

TRAIN FOR IN-DEMAND CAREERS IN:

MASSAGE THERAPY
GRADUATE IN 52 WEEKS

EDUCATION ASSISTANT PROGRAM

AVIATION
EARN YOUR PPL & CPL

HEALTH CARE ASSISTANT

PHARMACY TECHNICIAN
HIGH-DEMAND, HIGH-PAYING FIELD

EARLY CHILDHOOD EDUCATION PROGRAM

APPLY NOW: WCC.CA

# ਇਤਿਹਾਸਕਾਰ ਡਾ. ਇਸ਼ਤਿਆਕ ਅਹਿਮਦ ਵੱਲੋਂ ਭਾਰਤ ਦੀ ਵੰਡ ਬਾਰੇ ਅਹਿਮ ਖ਼ੁਲਾਸੇ

**ਸਰੀ**, (ਹਰਦਮ ਮਾਨ)-ਸਾਊਥ ਏਸ਼ੀਅਨ ਰਿਵਿਊ ਅਤੇ ਪੰਜਾਬੀ ਵਿਰਸਾ ਵੱਲੋਂ ਤਾਜ ਪਾਰਕ ਕਨਵੈਨਸ਼ਨ ਸੈਂਟਰ ਸਰੀ ਵਿਖੇ ਭਾਰਤੀ ਉਪ ਮਹਾਂਦੀਪ ਦੀ ਵੰਡ ਅਤੇ ਇਸ ਦੇ ਨਤੀਜਿਆਂ ਉੱਪਰ ਵਿਸ਼ੇਸ਼ ਸਮਾਗਮ ਕਰਵਾਇਆ ਗਿਆ ਜਿਸ ਵਿੱਚ 1947 ਦੀ ਪੰਜਾਬ ਦੀ ਵੰਡ ਬਾਰੇ ਖੋਜ ਭਰਪੂਰ ਪੁਸਤਕ 'ਲਹੂ ਲੁਹਾਣ ਪੰਜਾਬ' ਦੇ ਰਚਨਹਾਰੇ ਨਾਮਵਰ ਇਤਿਹਾਸਕਾਰ, ਵਿਗਿਆਨੀ ਅਤੇ ਵਿਦਵਾਨ ਡਾ. ਇਸ਼ਤਿਆਕ ਅਹਿਮਦ ਮੁੱਖ ਬੁਲਾਰੇ ਸਨ।

ਸਮਾਗਮ ਦੀ ਸ਼ੁਰੂਆਤ ਕਰਦਿਆਂ ਨਵਰੂਪ ਸਿੰਘ ਨੇ ਸਮਾਗਮ ਵਿੱਚ ਪਹੁੰਚੀਆਂ ਸਭਨਾਂ ਸ਼ਖ਼ਸੀਅਤਾਂ ਦਾ ਸਵਾਗਤ ਕੀਤਾ। ਉਨ੍ਹਾਂ ਡਾ. ਇਸ਼ਤਿਆਕ ਅਹਿਮਦ ਦੀ ਜਾਣ ਪਛਾਣ ਕਰਵਾਉਂਦਿਆਂ ਦੱਸਿਆ ਕਿ ਡਾ. ਇਸ਼ਤਿਆਕ ਅਹਿਮਦ ਸਟੌਕਹੋਮ ਯੂਨੀਵਰਸਿਟੀ ਸਵੀਡਨ ਵਿੱਚ ਰਾਜਨੀਤੀ ਸ਼ਾਸਤਰ ਦੇ ਸੇਵਾ ਮੁਕਤ ਪ੍ਰੋਫੈਸਰ ਅਤੇ ਸਿੰਘਾਪੁਰ ਨੈਸ਼ਨਲ ਯੂਨੀਵਰਸਿਟੀ ਵਿੱਚ ਦੱਖਣੀ ਏਸ਼ੀਆ ਅਧਿਐਨ ਸੰਸਥਾਨ ਵਿੱਚ ਰਸਮੀ ਖੋਜੀ ਹਨ। ਇਨ੍ਹਾਂ ਨੇ ਸਿਆਸੀ ਇਸਲਾਮ, ਨਸਲ, ਕੌਮਵਾਦ, ਇਨਸਾਨੀ ਅਤੇ ਘੱਟ ਗਿਣਤੀਆਂ ਦੇ ਹੱਕ ਵੰਡ ਅਤੇ ਸਿਨਮੇ ਦੀ ਕਲਾ ਨੂੰ ਪੰਜਾਬ ਦੀ ਦੇਣ ਆਦਿ ਵਿਸ਼ਿਆਂ ਬਾਰੇ ਡੂੰਘਾ ਖੋਜ ਕਾਰਜ ਕੀਤਾ ਹੈ। ਉਹ ਲਾਹੌਰ ਦੇ ਅੰਗਰੇਜ਼ੀ ਅਖਬਾਰ 'ਫਰਾਈ ਡੇ' ਵਿੱਚ ਹਫਤਾਵਰੀ ਕਾਲਮ ਵੀ ਲਿਖਦੇ ਹਨ। ਉਹਨਾਂ ਦੀਆਂ ਹੁਣ ਤੱਕ ਸੱਤ ਕਿਤਾਬਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ ਤੇ ਉਹ ਬਹੁਤ ਸਾਰੇ ਖੋਜ ਪੱਤਰਾਂ ਦੇ ਘੋਖ ਕਰਤਾ ਰਹੇ ਹਨ। ਉਹਨਾਂ ਨੇ 1947 ਦੀ ਤਰਾਸਦੀ ਸਬੰਧੀ ਗੁਪਤ ਬਰਤਾਨਵੀ ਰਿਪੋਰਟਾਂ 'ਤੇ ਅਧਾਰਤ ਅਤੇ ਮੌਕੇ ਦੇ ਗਵਾਹਾਂ ਦੀ ਜ਼ਬਾਨੀ ਲਹੂ ਲਹਾਨ ਹੋਏ ਵੰਡੇ ਤੇ ਵੱਢੇ ਟੁੱਕੇ ਪੰਜਾਬ ਦੀ ਵਿਥਿਆ ਨੂੰ ਆਪਣੀ ਪੁਸਤਕ ਵਿੱਚ ਬਿਆਨ ਕੀਤਾ ਹੈ। ਇਹ ਪੁਸਤਕ ਉਹਨਾਂ ਮੂਲ ਵਿੱਚ ਅੰਗਰੇਜ਼ੀ ਵਿੱਚ ਲਿਖੀ ਸੀ ਜੋ ਬਾਅਦ ਵਿੱਚ ਉਰਦੂ, ਹਿੰਦੀ ਤੇ ਪੰਜਾਬੀ ਵਿੱਚ ਅਨੁਵਾਦ ਹੋ ਚੁੱਕੀ ਹੈ।




ਡਾ. ਇਸ਼ਤਿਆਕ ਅਹਿਮਦ ਨੇ ਭਾਰਤੀ ਉਪ ਮਹਾਂਦੀਪ ਦੀ ਵੰਡ ਬਾਰੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਅੰਗਰੇਜ਼ ਆਪਣੇ ਆਪ ਨੂੰ ਸਭ ਤੋਂ ਵੱਡੀ ਸਿਵਲਾਈਜੇਸ਼ਨ ਪਾਵਰ ਸਮਝਦੇ ਸਨ ਅਤੇ ਉਹ ਸਮਝਦੇ ਸਨ ਕਿ ਏਸ਼ੀਆ ਅਤੇ ਭਾਰਤ ਦੇ ਲੋਕ ਇਸ ਕਾਬਲ ਨਹੀਂ ਕਿ ਆਪਣੀ ਹਕੂਮਤ ਖ਼ੁਦ ਚਲਾ ਸਕਣ। ਅੰਗਰੇਜ਼ਾਂ ਨੇ ਭਾਰਤ ਆ ਕੇ ਚੋਣਾਂ ਦਾ ਸਿਧਾਂਤ ਲਿਆਂਦਾ ਜੋ ਸ਼ੁਰੂ ਵਿਚ ਸਿਰਫ ਇਕ ਦੋ ਪ੍ਰਤੀਸ਼ਤ ਉਨ੍ਹਾਂ ਭਾਰਤੀ ਲੋਕਾਂ ਨੂੰ ਦਿੱਤਾ ਗਿਆ ਜਿਹਨਾਂ ਕੋਲ ਵੱਡੀ ਜਾਇਦਾਦ ਅਤੇ ਵਿਦਿਅਕ ਯੋਗਤਾ ਸੀ।

ਡਾ. ਇਸ਼ਤਿਆਕ ਅਹਿਮਦ ਨੇ ਦੱਸਿਆ ਕਿ ਅੰਗਰੇਜ਼ਾਂ ਨੇ ਭਾਰਤ ਉੱਪਰ ਆਪਣੀ ਹਕੂਮਤ ਕਾਇਮ ਕੀਤੀ ਅਤੇ ਉਨ੍ਹਾਂ ਕਦੇ ਵੀ ਇਹ ਨਹੀਂ ਸੀ ਚਿਤਵਿਆ ਕਿ ਇਕ ਦਿਨ ਇਹ ਹਕੂਮਤ ਛੱਡ ਕੇ ਉਨ੍ਹਾਂ ਨੂੰ ਵਾਪਸ ਇੰਗਲੈਂਡ ਜਾਣਾ ਪਵੇਗਾ। ਉਨ੍ਹਾਂ ਅੰਗਰੇਜ਼ਾਂ ਵੱਲੋਂ ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਦੇ ਆਪਸੀ ਭਾਈਚਾਰੇ ਵਿਚ ਵੰਡੀਆਂ ਪਾਉਣ, ਮੁਹੰਮਦ ਅਲੀ ਜਿੱਨਾਹ ਨੂੰ ਹੱਲਾਸ਼ੇਰੀ ਦੇ ਕੇ ਭਾਰਤ ਦੀ ਵੰਡ ਲਈ ਉਕਸਾਉਣ, ਬੰਗਾਲ ਵਿਚ ਹਿੰਸਕ ਵਾਰਦਾਤਾਂ ਦੀ ਸ਼ੁਰੂਆਤ ਤੋਂ ਲੈ ਕੇ ਪੰਜਾਬ ਦੀ ਵੰਡ, ਪੰਜਾਬ ਵਿਚ ਆਪਣਿਆਂ ਹੱਥੋਂ ਮਾਰੇ 8 ਲੱਖ ਪੰਜਾਬੀਆਂ ਦੀ ਦਾਸਤਾਨ ਬਾਰੇ ਵਿਸਥਾਰ ਵਿਚ ਚਰਚਾ ਕੀਤੀ। ਉਨ੍ਹਾਂ ਦੱਸਿਆ ਕਿ ਲਗਾਤਾਰ 11 ਸਾਲਾਂ ਦੀ ਆਪਣੀ ਖੋਜ ਦੌਰਾਨ ਉਨ੍ਹਾਂ ਪਾਕਿਸਤਾਨ, ਭਾਰਤ, ਇੰਗਲੈਂਡ, ਅਮਰੀਕਾ, ਕੈਨੇਡਾ, ਸਿੰਘਾਪੁਰ ਆਦਿ ਦੇਸ਼ਾਂ ਵਿਚ ਜਾ ਕੇ 1947 ਦੀ ਪੰਜਾਬ ਵੰਡ ਤੋਂ ਪੀੜਤ ਪਰਿਵਾਰਾਂ ਦੇ ਲੱਗਭੱਗ 450 ਮੈਂਬਰਾਂ ਨਾਲ ਇੰਟਰਵਿਊ ਕੀਤੀ ਜੋ ਉਨ੍ਹਾਂ ਦੀ ਖੋਜ ਭਰਪੂਰ ਕਿਤਾਬ ਵਿਚ ਦਰਜ ਹੈ।

ਇਸ ਮੌਕੇ ਉਨ੍ਹਾਂ ਲੋਕਾਂ ਵੱਲੋਂ ਵੰਡ ਸਬੰਧੀ ਅਤੇ ਉਸ ਸਮੇਂ ਦੀਆਂ ਰਾਜਸੀ ਹਸਤੀਆਂ ਦੀ ਭੂਮਿਕਾ ਅਤੇ ਹੋਰ ਕਈ ਸਵਲ ਪੁੱਛੇ ਗਏ। ਉਭਰਵੇਂ ਰੂਪ ਵਿਚ ਭਾਰਤ-ਪਾਕਿ ਵੰਡ ਦੌਰਾਨ ਅੰਗਰੇਜ਼ਾਂ ਵਲੋਂ ਅਪਣਾਏ ਗਏ ਦੋ ਕੌਮੀ ਫਾਰਮੂਲੇ ਅਤੇ ਸਿੱਖ ਭਾਈਚਾਰੇ ਨੂੰ ਅਣਗੌਲੇ ਜਾਣ ਬਾਰੇ ਪੁੱਛੇ ਗਏ ਸਵਾਲਾਂ ਦੇ ਵੀ ਸਟੀਕ ਜਵਾਬ ਦਿੱਤੇ। ਉਹਨਾਂ ਇਸ ਧਾਰਣਾ ਨੂੰ ਗਲਤ ਦੱਸਿਆ ਕਿ ਉਸ ਸਮੇਂ ਸਿੱਖ ਆਗੂਆਂ ਨੇ ਵੱਖਰੀ ਸਿੱਖ ਸਟੇਟ ਦੀ ਮੰਗ ਨਹੀ ਕੀਤੀ। ਉਹਨਾਂ ਇਤਿਹਾਸਕ ਤੱਥਾਂ ਦਾ ਹਵਾਲਾ ਦਿੰਦਿਆਂ ਦੱਸਿਆ ਖਾਲਸਾ ਰਾਜ ਸਮੇਂ ਵਿਚ ਸਿੱਖਾਂ ਦੀ ਆਬਾਦੀ ਕਦੇ ਵੀ 12-14 ਪ੍ਰਤੀਸ਼ਤ ਤੋਂ ਵੱਧ ਨਹੀ ਸੀ। ਹਿੰਦੁਸਤਾਨ ਦੀ ਵੰਡ ਹਿੰਦੂ-ਮੁਸਲਿਮ ਆਬਾਦੀ ਨੂੰ ਆਧਾਰ ਬਣਾਕੇ ਕੀਤੀ ਗਈ ਸੀ ਪਰ ਪੰਜਾਬ ਵਿਚ 1947 ਦੇ ਸਮੇਂ ਵਿਚ ਕੇਵਲ ਇਕ ਤਰਨ ਤਾਰਨ ਤਹਿਸੀਲ ਨੂੰ ਛੱਡਕੇ ਕਿਤੇ ਵੀ ਸਿੱਖ ਬਹੁਗਿਣਤੀ ਵਿਚ ਨਹੀ ਸਨ। ਅਜਿਹੀ ਸਥਿਤੀ ਨੂੰ ਵੇਖਦਿਆਂ ਹੀ ਉਸ ਸਮੇਂ ਦੇ ਸਿੱਖ ਆਗੂਆਂ ਨੇ ਭਾਰਤ ਨਾਲ ਜਾਣ ਦੀ ਚੋਣ ਕੀਤੀ।

ਅਜੋਕੇ ਦੌਰ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਖਾਲਸਾ ਰਾਜ ਨੂੰ ਆਧਾਰ ਬਣਾ ਕੇ ਕੁਝ ਸਿੱਖਾਂ ਵਲੋਂ ਖਾਲਿਸਤਾਨ ਦੀ ਮੰਗ ਕੀਤੇ ਜਾਣ ਤੇ ਸੰਘਰਸ਼ ਬਾਰੇ ਪੁੱਛੇ ਜਾਣ ਤੇ ਉਹਨਾਂ ਸਪੱਸ਼ਟ ਦੱਸਿਆ ਕਿ ਅੱਜ ਦੇ ਜਮਹੂਰੀ ਮਾਡਲ ਅਤੇ ਯੂ ਐਨ ਓ ਦੇ ਚਾਰਟਰ ਮੁਤਾਬਿਕ ਕਿਸੇ ਵੀ ਮੈਂਬਰ ਮੁਲਕ ਨੂੰ ਤੋੜਨ ਦੀ ਇਜਾਜ਼ਤ ਨਹੀਂ। ਇਸ ਲਈ ਇਕੋ ਤਰੀਕਾ ਹੈ ਕਿ ਜਾਂ ਤਾਂ ਦਾਅਵੇਦਾਰ ਧਿਰ ਸਬੰਧਿਤ ਮੁਲਕ ਨਾਲ ਗੱਲਬਾਤ ਦੀ ਟੇਬਲ ਤੇ ਆਵੇ ਜਾਂ ਦੂਸਰਾ ਹੱਲ ਕਿ ਤੁਸੀਂ ਲੜਾਈ ਲੜ ਕੇ ਵੱਖਰਾ ਮੁਲਕ ਬਣਾ ਲਵੋ।

ਇਕ ਹੋਰ ਸਵਾਲ ਦੇ ਜਵਾਬ ਵਿਚ ਉਹਨਾਂ ਦੀ ਬ੍ਰਿਟਿਸ਼ ਕੋਲੰਬੀਆ ਦੇ ਸਾਬਕਾ ਪ੍ਰੀਮੀਅਰ ਉੱਜਲ ਦੋਸਾਂਝ ਨਾਲ ਮਿਲਣੀ ਦੀਆਂ ਤਸਵੀਰਾਂ ਬਾਰੇ ਸੋਸ਼ਲ ਮੀਡੀਆ ਉਪਰ ਵਿਪਰੀਤ ਟਿਪਣੀਆਂ ਬਾਰੇ ਕਿਹਾ ਕਿ ਉਹਨਾਂ ਦਾ ਸਥਾਨਕ ਸਿਆਸਤ ਨਾਲ ਕੋਈ ਲੈਣ ਦੇਣ ਨਹੀ। ਉਹ ਉੱਜਲ ਦੋਸਾਂਝ ਦੇ ਪੁਰਾਣੇ ਮਿੱਤਰ ਹਨ, ਇਸ ਲਈ ਉਹਨਾਂ ਨੂੰ ਮਿਲਣ ਗਏ ਸਨ। ਇਸ ਲਈ ਕਿਸੇ ਨੂੰ ਵੀ ਇਤਰਾਜ ਨਹੀ ਹੋਣਾ ਚਾਹੀਦਾ।

# ਪੰਜਾਬ ਦਾ ਸਬਰ

ਡੰਡਿਆਂ ਦੇ ਨਾਲ ਵੈਰੀ, ਪਿੱਠ ਕੁੱਟ ਰਿਹਾ ਸੀ
ਉਂਗਲਾਂ ਅੰਗੂਠਿਆ ਦੇ, ਨੌਂਹ ਪੁੱਟ ਰਿਹਾ ਸੀ
ਮੱਲਾ ਥੱਕ ਤਾਂ ਨੀ ਗਿਆ, ਇਹ ਪੰਜਾਬ ਪੁੱਛ ਰਿਹਾ ਸੀ

ਪਾਣੀ ਚ ਡਬੋ ਕੇ, ਨਾਲੇ ਗਲਾ ਘੁੱਟ ਰਿਹਾ ਸੀ
ਸਾਜ਼ਿਸ਼ਾਂ ਦੇ ਨਾਲ ਵੈਰੀ, ਘਰ ਲੁੱਟ ਰਿਹਾ ਸੀ
ਮੱਲਾ ਰੋਟੀ ਖਾ ਕੇ ਜਾਈਂ, ਇਹ ਪੰਜਾਬ ਪੁੱਛ ਰਿਹਾ ਸੀ

ਜਖਮਾਂ ਦੇ ਉੱਤੇ ਵੈਰੀ, ਲੂਣ ਭੁੱਕ ਰਿਹਾ ਸੀ
ਟੋਕਿਆਂ ਦੇ ਨਾਲ ਬੰਦ-ਬੰਦ, ਟੁੱਕ ਰਿਹਾ ਸੀ
ਟੋਕਾ ਖੁੰਡਾ ਤਾਂ ਨਹੀ ਹੋਇਆ,ਇਹ ਪੰਜਾਬ ਪੁੱਛ ਰਿਹਾ ਸੀ

ਡੁੱਬ ਰਿਹਾ ਬੇੜਾ ਅਤੇ, ਚੱਪੂ ਟੁੱਟ ਗਿਆ ਸੀ
ਹੌਂਸਲਾ ਨਾ ਮੁੱਕਾ ਪਰ, ਸਾਹ ਮੁੱਕ ਰਿਹਾ ਸੀ

ਕਿਸੇ ਪਾਰ ਤਾਂ ਨ੍ਹੀ ਜਾਣਾ,
ਇਹ ਪੰਜਾਬ ਪੁੱਛ ਰਿਹਾ ਸੀ

ਵੈਰੀ ਦਾ ਸਹੋਤਿਆ, ਨਿਸ਼ਾਨਾ ਉੱਕ ਗਿਆ ਸੀ
ਡਿੱਗਿਆ ਜਮੀਨ ਉੱਤੇ, ਲਹੂ ਫੁੱਟ ਪਿਆ ਸੀ
ਮੱਲਾ ਸੱਟ ਤਾਂ ਨੀ ਲੱਗੀ, ਇਹ ਪੰਜਾਬ ਪੁੱਛ ਰਿਹਾ ਸੀ

ਪੰਜਾਬ ਆਖ ਰਿਹਾ ਸੀ
ਛੱਡ ਦਿੱਤਾ ਪਾਣੀ,ਉੱਤੋਂ ਬੰਨ੍ਹ ਪਾਟ ਰਿਹਾ ਸੀ
ਭਲਾ ਹੋਵੇ ਤੇਰਾ,ਇਹ ਪੰਜਾਬ ਆਖ ਰਿਹਾ ਸੀ

***********************************

ਤੂੰ ਮੈਨੂੰ ਮਾਰ ਸਕੇਂ, ਦੱਸ ਤੇਰੀ ਕੀ ਮਜਾਲ ਏ
ਮੇਰੀ ਹੋਂਦ ਸਾੜ ਸਕੇਂ, ਦੱਸ ਤੇਰੀ ਕੀ ਮਜਾਲ ਏ
ਰੱਬ ਰਾਖਾ ਮੇਰਾ, ਇਹ ਪੰਜਾਬ ਆਖ ਰਿਹਾ ਸੀ
ਜਾਹ ਵੇ ਭਲਾ ਹੋਵੇ ਤੇਰਾ, ਇਹ ਪੰਜਾਬ ਆਖ ਰਿਹਾ ਸੀ

***********************************

ਮੇਰੇ ਪਸ਼ੂ ਡੋਬ ਦਿੱਤੇ, ਦਿੱਤੀ ਫਸਲ ਉਜਾੜ ਤੂੰ
ਖੰਜਰਾਂ ਦੇ ਨਾਲ ਦਿੱਤਾ, ਮੇਰਾ ਸੀਨਾ ਪਾੜ ਤੂੰ
ਮੇਰਾ ਹੜ੍ਹ ਗਿਆ ਘਰ, ਨਾਲੇ ਟੁੱਟਿਆ ਬਨੇਰਾ

ਜਾਹ ਵੇ ਭਲਾ ਹੋਵੇ ਤੇਰਾ,
ਇਹ ਪੰਜਾਬ ਆਖ ਰਿਹਾ ਸੀ

**ਕੁਲਵੀਰ ਸਿੰਘ ਡਾਨਸੀਵਾਲ**
778 863 2472

ANSATEL COMMUNICATIONS

Helping Lower Mainland Businesses Since 1983

Panasonic
ideas for life



- VOIP Telephone Systems
- VOIP Phone Lines
- Data & Telephone Cabling
- Automatic Call Distribution
- CTI (Computer Telephone Integration)
- Wireless & Corded Headsets
- Multiline Wireless Telephones
- Lease Or Rental Packages
- Service Other Makes & Models

Helping Lower Mainland Businesses Since 1983

*Customized Solutions to Suit Your Needs.*

604-872-6500

2148 Kingsway, Vancouver | www.ansatel.com - info@ansatel.com

24/7 SALES & SERVICE

# ਕੁਨੈਕਟ ਐਫ ਐਮ ਨੇ ਪੰਜਾਬ ਦੇ ਹੜ੍ਹ ਪੀੜਤਾਂ ਲਈ 7.5 ਲੱਖ ਡਾਲਰ ਇਕੱਤਰ ਕੀਤੇ

## ਗੁਰਦੁਆਰਾ ਦੁੱਖ ਨਿਵਾਰਨ ਸਾਹਿਬ, ਗੁਰੂ ਨਾਨਕ ਫੂਡ ਬੈਂਕ ਤੇ ਸਾਂਝਾ ਟੀਵੀ ਨੇ ਰੇਡੀਓਥਾਨ ਵਿਚ ਸਹਿਯੋਗ ਕੀਤਾ



**ਸਰੀ** (ਹਰਦਮ ਮਾਨ)- ਪੰਜਾਬ ਦੇ ਹੜ ਪੀੜਤਾਂ ਦੀ ਮਦਦ ਲਈ ਪਰਵਾਸੀ ਪੰਜਾਬੀਆਂ ਵਲੋਂ ਖੁੱਲਕੇ ਦਾਨ ਕੀਤਾ ਜਾ ਰਿਹਾ ਹੈ। ਹੜ ਪੀੜਤਾਂ ਦੀ ਸਹਾਇਤਾ ਲਈ ਪਰਵਾਸੀ ਪੰਜਾਬੀਆਂ ਦੇ ਅੱਗੇ ਆਉਣ, ਦਾਨ ਰਾਸ਼ੀ ਇਕੱਤਰ ਕਰਨ ਅਤੇ ਲੋਕਾਂ ਨਾਲ ਪਹੁੰਚ ਬਣਾਉਣ ਲਈ ਸਥਾਨਕ ਪੰਜਾਬੀ ਰੇਡੀਓ ਸਟੇਸ਼ਨਾਂ ਵਲੋਂ ਅਹਿਮ ਭੂਮਿਕਾ ਨਿਭਾਈ ਜਾ ਰਹੀ ਹੈ। ਪਿਛਲੇ ਦਿਨੀਂ ਰੈਡ ਐਫ ਐਮ ਰੇਡੀਓ ਵਲੋਂ ਰੇਡੀਓਥਾਨ ਰਾਹੀਂ ਵੱਡੀ ਰਾਸ਼ੀ ਇਕੱਤਰ ਕਰਨ ਉਪਰੰਤ ਹੁਣ ਸਰੀ ਦੇ ਇਕ ਹੋਰ ਹਰਮਨਪਿਆਰੇ ਕੁਨੈਕਟ ਐਫ ਐਮ ਰੇਡੀਓ ਵਲੋਂ ਵੀ ਰੇਡੀਓਥਾਨ ਰਾਹੀਂ 7 ਲੱਖ 50 ਹਜ਼ਾਰ ਡਾਲਰ ਇਕੱਤਰ ਕੀਤੇ ਗਏ ਹਨ। ਇਹ ਰੇਡੀਓਥਾਨ ਕੁਨੈਕਟ ਐਫ ਐਮ ਦੇ ਸਰੀ, ਕੈਲਗਰੀ ਤੇ ਐਡਮਿੰਟਨ ਸਟੇਸ਼ਨਾਂ ਵੱਲੋਂ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ, ਗੁਰੂ ਨਾਨਕ ਫੂਡ ਬੈਂਕ ਅਤੇ ਸਾਂਝਾ ਟੀ.ਵੀ. ਸਰੀ ਨਾਲ ਮਿਲਕੇ ਕੀਤਾ ਗਿਆ।

ਇਸ ਦੌਰਾਨ ਸਰੀ-ਵੈਨਕੂਵਰ, ਕੈਲਗਰੀ ਅਤੇ ਐਡਮਿੰਟਨ ਵਿਚ ਵਸਦੇ ਪੰਜਾਬੀਆਂ ਅਤੇ ਰੇਡੀਓ ਦੇ ਸਰੋਤਿਆਂ ਨੇ ਖੁੱਲਕੇ ਦਾਨ ਕੀਤਾ। ਪ੍ਰਬੰਧਕਾਂ ਮੁਤਾਬਿਕ ਇਸ ਰੇਡੀਓਥਾਨ ਤੋਂ ਇਕੱਤਰ ਹੋਈ ਰਾਸ਼ੀ ਨੂੰ ਪੰਜਾਬ 'ਚ ਖਡੂਰ ਸਾਹਿਬ ਵਿਖੇ ਵਾਤਾਵਰਣ ਦੀ ਸੰਭਾਲ ਲਈ ਵੱਡਾ ਯੋਗਦਾਨ ਪਾਉਣ ਵਾਲੇ ਸੰਤ ਬਾਬਾ ਸੇਵਾ ਸਿੰਘ ਨੂੰ ਸੌਂਪਿਆ ਜਾਵੇਗਾ, ਜੋ ਹੜ੍ਹ ਪੀੜਤਾਂ ਦੇ ਮੁੜ ਵਸੇਬੇ ਤੇ ਸਹਾਇਤਾ ਲਈ ਇਸ ਰਾਸ਼ੀ ਦੀ ਵਰਤੋਂ ਕਰਨਗੇ।

ਰੇਡੀਓਥਾਨ ਦੌਰਾਨ ਬੀਸੀ ਦੇ ਪ੍ਰੀਮੀਅਰ ਡੇਵਿਡ ਈਬੀ, ਸਾਬਕਾ ਮੰਤਰੀ ਡਾ ਗੁਲਜ਼ਾਰ ਸਿੰਘ ਚੀਮਾ, ਮੇਅਰ ਬਰੈਂਡਾ ਲੌਕ, ਮੇਅਰ ਦੇ ਸਲਾਹਕਾਰ ਹੈਰੀ ਕੂਨਰ, ਸਾਬਕਾ ਮੇਅਰ ਡੱਗ ਮੈਕਲਮ, ਕੌਂਸਲਰ ਮਨਦੀਪ ਨਾਗਰਾ, ਐਮ ਐਲ ਏ ਮਨਦੀਪ ਧਾਲੀਵਾਲ, ਐਮ ਐਲ ਏ ਬਰਾਇਨ ਟੈਪਰ, ਉਘੇ ਸਿੱਖ ਵਿਦਵਾਨ ਤੇ ਕਥਾਕਾਰ ਗਿਆਨੀ ਪਿੰਦਰਪਾਲ ਸਿੰਘ ਅਤੇ ਹੋਰ ਕਈ ਪ੍ਰਮੁੱਖ ਹਸਤੀਆਂ ਨੇ ਵਿਸ਼ੇਸ਼ ਰੂਪ ਵਿਚ ਸ਼ਮੂਲੀਅਤ ਕੀਤੀ ਤੇ ਲੋਕਾਂ ਨੂੰ ਦਾਨ ਦੇਣ ਦੀ ਅਪੀਲ ਕੀਤੀ।

ਗੁਰੂ ਨਾਨਕ ਫੂਡ ਬੈਂਕ ਦੇ ਚੇਅਰਮੈਨ ਗਿਆਨੀ ਨਰਿੰਦਰ ਸਿੰਘ, ਡਾਇਰੈਕਟਰ ਜਤਿੰਦਰ ਸਿੰਘ ਜੇ ਮਿਨਹਾਸ ਨੇ ਲੋਕਾਂ ਵਲੋਂ ਪੰਜਾਬ ਦੇ ਹੜਪੀੜਤਾਂ ਦੀ ਸਹਾਇਤਾ ਲਈ ਕੀਤੇ ਗਏ ਦਾਨ ਲਈ ਧੰਨਵਾਦ ਕੀਤਾ।ਕੁਨੈਕਟ ਐਫ.ਐਮ. ਦੀ ਮੈਨੇਜਮੈਂਟ ਅਤੇ ਟੀਮ ਨੇ ਰੇਡੀਓਥੋਨ 'ਚ ਸਹਿਯੋਗ ਲਈ ਸੰਗਤਾਂ ਅਤੇ ਵਲੰਟੀਅਰਾਂ ਦਾ ਧੰਨਵਾਦ ਕੀਤਾ।

# ਸਨਸੈੱਟ ਇੰਡੋ ਕੈਨੇਡੀਅਨ ਸੀਨੀਅਰ ਸੋਸਾਇਟੀ ਵੈਨਕੂਵਰ ਨੇ ਕੀਤਾ ਵਿਕਟੋਰੀਆ ਦਾ ਟੂਰ




**ਸਰੀ** (ਹਰਦਮ ਮਾਨ)- ਸਨਸੈੱਟ ਇੰਡੋ ਕੈਨੇਡੀਅਨ ਸੀਨੀਅਰ ਸੋਸਾਇਟੀ ਵੈਨਕੂਵਰ ਵੱਲੋਂ ਬੀਸੀ ਦੀ ਰਾਜਧਾਨੀ ਵਿਕਟੋਰੀਆ ਦਾ ਯਾਦਗਾਰੀ ਟੂਰ ਲਾਇਆ ਗਿਆ। ਸੁਸਾਇਟੀ ਦੇ ਪ੍ਰਧਾਨ ਗੁਰਬਖਸ਼ ਸਿੰਘ ਸਿੱਧੂ ਨੇ ਦੱਸਿਆ ਹੈ ਕਿ ਸੁਸਾਇਟੀ ਦੇ 30 ਮੈਂਬਰ ਫੈਰੀ ਦੇ ਸਮੁੰਦਰੀ ਸਫਰ 'ਤੇ ਰਵਾਨਾ ਹੋਏ ਅਤੇ ਫੈਰੀ ਦੇ ਸਫਰ ਦੌਰਾਨ ਸਮੁੰਦਰ ਤੇ ਆਸ ਪਾਸ ਦੀਆਂ ਖੂਬਸੂਰਤ ਪਹਾੜੀਆਂ ਦਾ ਆਨੰਦ ਮਾਣਦੇ ਹੋਏ ਵਿਕਟੋਰੀਆ ਪਹੁੰਚੇ।

ਵਿਕਟੋਰੀਆ ਪਹੁੰਚ ਕੇ ਬੀਸੀ ਪਾਰਲੀਮੈਂਟ ਦੀ ਖੂਬਸੂਰਤ ਇਮਾਰਤ ਵਿੱਚ ਸਾਂਭੀਆਂ ਇਤਿਹਾਸਕ ਯਾਦਗਾਰਾਂ ਅਤੇ ਯਾਦਾਂ ਨੂੰ ਸਮੂਹ ਮੈਂਬਰਾਂ ਨੇ ਬਹੁਤ ਹੀ ਉਤਸਕਤਾ ਨਾਲ ਵਾਚਿਆ।

ਬੀਸੀ ਪਾਰਲੀਮੈਂਟ ਵਿੱਚ ਗਾਈਡ ਨੇ 'ਹਾਲ ਆਫ ਔਨਰਜ਼, ਡਾਇਮੰਡ ਜੁਬਲੀ ਵਿੰਡੋ (ਜੋ 1897 ਵਿੱਚ ਵਿਕਟੋਰੀਆ ਦੇ ਰਾਜ ਦੇ 60ਵੇਂ ਸਾਲ ਵਿੱਚ ਬਣਾਈ ਗਈ ਸੀ) ਅਤੇ ਗੋਲਡਨ ਜੁਬਲੀ ਵਿੰਡੋ (ਜੋ 2002 ਵਿੱਚ ਮਹਾਰਾਣੀ ਐਲਜਾਬੈਥ ਦੂਜੀ ਦੇ ਰਾਜ ਦੇ 50ਵੇਂ ਸਾਲ ਦੀ ਯਾਦ ਵਿੱਚ ਬਣਾਈ ਗਈ ਸੀ) ਬਾਰੇ ਜਾਣਕਾਰੀ ਪ੍ਰਦਾਨ ਕੀਤੀ। ਇਸ ਤੋਂ ਇਲਾਵਾ ਯਾਦਗਾਰੀ ਗੁੰਬਦ ਕੇਂਦਰੀ ਹਾਲ ਦੇ ਕਮਰੇ ਵਿੱਚ ਤਾਂਬੇ ਨਾਲ ਬਣਿਆ ਕੈਪਟਨ ਜੌਰਜ ਵੈਨਕੂਵਰ ਦਾ ਦੋ ਮੀਟਰ ਦਾ ਬੁੱਤ ਅਤੇ ਪਾਰਲੀਮੈਂਟ ਦੇ ਹੋਰ ਇਤਿਹਾਸਕ ਦਸਤਾਵੇਜ਼ਾਂ ਦੇ ਦਰਸ਼ਨ ਕੀਤੇ।

ਅਸੈਂਬਲੀ ਵਿਚ ਇਤਿਹਾਸਕ ਦਸਤਾਵੇਜ਼ ਦੇਖਣ ਉਪਰੰਤ ਇਹ ਮੈਂਬਰ ਆਪਣੀ ਵੈਨਕੂਵਰ ਵਾਪਸੀ ਲਈ ਰਵਾਨਾ ਹੋਏ ਅਤੇ ਵਾਪਸੀ ਦੌਰਾਨ ਫੈਰੀ ਰਾਹੀਂ ਸਮੁੰਦਰ ਦੇ ਪਾਣੀ ਦੀਆਂ ਲਹਿਰਾਂ ਦਾ ਮਾਣਦੇ ਹੋਏ ਆਪੋ ਆਪਣੀ ਘਰੀਂ ਪਹੁੰਚੇ। ਇਸ ਟੂਰ ਲਈ ਜਰਨੈਲ ਸਿੰਘ ਸਹੋਤਾ ਅਤੇ ਦਿਨੇਸ਼ ਕੁਮਾਰ ਮਲਹੋਤਰਾ ਦਾ ਵਿਸ਼ੇਸ਼ ਯੋਗਦਾਨ ਰਿਹਾ।

CONNECT
INSURANCE BROKERS INC.

ਸੁਪਰ ਵੀਜ਼ਾ ਇੰਸ਼ੋਰੈਂਸ

Autoplan [ Home [ Travel
Mortgage [ Tenant

Call Now: 604.553.6616

165-23233 Gilley Road Richmond, BC V6V 1E6

# ਬੀ.ਸੀ. ਵਿੱਚ 6 ਸਤੰਬਰ ਨੂੰ ਜਸਵੰਤ ਖਾਲੜਾ ਦਿਵਸ ਐਲਾਨਿਆ

## ਸਕੂਲ ਦਾ ਨਾਮ ਖਾਲੜਾ ਦੇ ਨਾਂ ’ਤੇ ਰੱਖਿਆ



ਸਿੱਖ ਆਗੂ ਜਸਵੰਤ ਸਿੰਘ ਖਾਲੜਾ ਦੀ ਯਾਦ ਵਿੱਚ, ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਨੇ ਅਧਿਕਾਰਤ ਤੌਰ ‘ਤੇ 6 ਸਤੰਬਰ ਨੂੰ ਜਸਵੰਤ ਸਿੰਘ ਖਾਲੜਾ ਦਿਵਸ ਵਜੋਂ ਘੋਸ਼ਿਤ ਕੀਤਾ ਹੈ। ਇਹ ਐਲਾਨ ਉਨ੍ਹਾਂ ਦੇ ਲਾਪਤਾ ਹੋਣ ਦੀ 30ਵੀਂ ਵਰ੍ਹੇਗੰਢ ‘ਤੇ ਕੀਤਾ ਗਿਆ ਸੀ।

ਹਾਲ ਹੀ ਵਿੱਚ, ਸੈਂਟਰਲ ਯੂਨੀਫਾਈਡ ਇਨ ਅਮਰੀਕਾ ਨੇ ਨਵੇਂ ਪ੍ਰਾਇਮਰੀ ਸਕੂਲ ਦਾ ਨਾਮ ਪੰਜਾਬ ਦੇ ਮਸ਼ਹੂਰ ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਖਾਲੜਾ ਦੇ ਨਾਮ ‘ਤੇ ਰੱਖਣ ਦੀ ਪ੍ਰਵਾਨਗੀ ਦਿੱਤੀ ਸੀ।

ਬੋਰਡ ਨੇ ਫੈਸਲਾ ਕੀਤਾ ਕਿ ਸ਼ੀਲਡਜ਼ ਅਤੇ ਬ੍ਰਾਲੀ ਵਿੱਚ ਸਥਿਤ ਸਕੂਲ ਦਾ ਨਾਮ ਹੁਣ ਜਸਵੰਤ ਸਿੰਘ ਖਾਲੜਾ ਪ੍ਰਾਇਮਰੀ ਸਕੂਲ ਰੱਖਿਆ ਜਾਵੇਗਾ।

ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਨੇ ਆਪਣੇ ਪੱਤਰ ਵਿੱਚ ਕਿਹਾ ਹੈ ਕਿ ਜਸਵੰਤ ਸਿੰਘ ਖਾਲੜਾ ਇੱਕ ਅੰਤਰਰਾਸ਼ਟਰੀ ਪੱਧਰ ‘ਤੇ ਸਨਮਾਨਿਤ ਮਨੁੱਖੀ ਅਧਿਕਾਰਾਂ ਦੇ ਰਾਖੇ ਸਨ ਅਤੇ ਉਨ੍ਹਾਂ ਦੀ ਯਾਦ ਨੂੰ ਹਮੇਸ਼ਾ ਲਈ ਜ਼ਿੰਦਾ ਰੱਖਣਾ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਲਈ ਮਾਣ ਦੀ ਗੱਲ ਹੈ। ਸੂਬੇ ਦੀ ਲੈਫਟੀਨੈਂਟ ਗਵਰਨਰ, ਵੈਂਡੀ ਕੋਕੀਆ ਨੇ ਇਸ ਦਸਤਾਵੇਜ਼ ‘ਤੇ ਦਸਤਖਤ ਕੀਤੇ ਅਤੇ 6 ਸਤੰਬਰ ਨੂੰ ਜਸਵੰਤ ਸਿੰਘ ਖਾਲੜਾ ਦਿਵਸ ਵਜੋਂ ਘੋਸ਼ਿਤ ਕੀਤਾ।

**ਕੌਣ ਸੀ ਖਾਲੜਾ?**

ਖਾਲਿਸਤਾਨੀ ਲਹਿਰ 1973 ਵਿੱਚ ਸ਼ੁਰੂ ਹੋਈ ਸੀ, ਪਰ 1984 ਵਿੱਚ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ, ਖਾਲਿਸਤਾਨ ਲਹਿਰ ਨੂੰ ਪੰਜਾਬ ਵਿੱਚ ਲੋਕਾਂ ਦਾ ਸਮਰਥਨ ਮਿਲ ਰਿਹਾ ਸੀ। ਪੰਜਾਬ ਪੁਲਿਸ ਨੇ ਇਸਨੂੰ ਕੁਚਲਣ ਲਈ ਗ੍ਰਿਫ਼ਤਾਰੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਜਿਸ ਕਿਸੇ ‘ਤੇ ਵੀ ਸ਼ੱਕ ਹੁੰਦਾ ਸੀ, ਉਸਨੂੰ ਗ੍ਰਿਫ਼ਤਾਰ ਕਰ ਲਿਆ ਜਾਂਦਾ ਸੀ। 1992 ਵਿੱਚ, ਪੁਲਿਸ ਨੇ ਪਿਆਰਾ ਸਿੰਘ ਨਾਮ ਦੇ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਲਿਆ ਜੋ ਅੰਮ੍ਰਿਤਸਰ ਦੇ ਕੇਂਦਰੀ ਸਹਿਕਾਰੀ ਬੈਂਕ ਵਿੱਚ ਡਾਇਰੈਕਟਰ ਵਜੋਂ ਕੰਮ ਕਰਦਾ ਸੀ।

ਉਹ ਆਪਣੇ ਇੱਕ ਰਿਸ਼ਤੇਦਾਰ ਨੂੰ ਮਿਲਣ ਲਈ ਉੱਤਰ ਪ੍ਰਦੇਸ਼ ਗਿਆ ਸੀ। ਪੁਲਿਸ ਨੇ ਯੂਪੀ ਜਾ ਕੇ ਉਸਨੂੰ ਗ੍ਰਿਫ਼ਤਾਰ ਕਰ ਲਿਆ। ਉਸਦੇ ਪਰਿਵਾਰ ਅਤੇ ਉਸਨੂੰ ਜਾਣਨ ਵਾਲੇ ਲੋਕ ਉਸਨੂੰ ਲੱਭਣ ਲੱਗ ਪਏ। ਪੁਲਿਸ ਕੋਲ ਕੋਈ ਜਵਾਬ ਨਹੀਂ ਸੀ। ਫਿਰ ਉਸਦੇ ਸਾਥੀ ਕਰਮਚਾਰੀ ਅਤੇ ਬੈਂਕ ਵਿੱਚ ਡਾਇਰੈਕਟਰ, ਜਸਵੰਤ ਸਿੰਘ ਖਾਲੜਾ ਨੂੰ ਪਤਾ ਲੱਗਾ ਕਿ ਪਿਆਰਾ ਨੂੰ ਪੁਲਿਸ ਮੁਕਾਬਲੇ ਵਿੱਚ ਮਾਰ ਦਿੱਤਾ ਗਿਆ ਹੈ। ਇੰਨਾ ਹੀ ਨਹੀਂ, ਉਸਦਾ ਅੰਤਿਮ ਸੰਸਕਾਰ ਵੀ ਅੰਮ੍ਰਿਤਸਰ ਦੇ ਦੁਰਗਿਆਣਾ ਮੰਦਰ ਸ਼ਮਸ਼ਾਨਘਾਟ ਵਿੱਚ ਬਿਨਾਂ ਕਿਸੇ ਨੂੰ ਦੱਸੇ ਕੀਤਾ ਗਿਆ।

ਜਸਵੰਤ ਨੇ ਸ਼ੁਰੂਆਤੀ ਰਜਿਸਟਰਾਂ ਦੀ ਜਾਂਚ ਕਰਦੇ ਹੋਏ ਪਾਇਆ ਕਿ 1992 ਵਿੱਚ ਦੁਰਗਿਆਣਾ ਮੰਦਰ ਸ਼ਮਸ਼ਾਨਘਾਟ ਵਿੱਚ 300 ਤੋਂ ਵੱਧ ਅਣਪਛਾਤੀਆਂ ਲਾਸ਼ਾਂ ਦਾ ਸਸਕਾਰ ਕੀਤਾ ਗਿਆ ਸੀ।

ਉਸਨੂੰ ਤਿੰਨ ਸ਼ਮਸ਼ਾਨਘਾਟਾਂ ਦੇ ਰਿਕਾਰਡ ਮਿਲ ਗਏ ਸਨ। ਹੁਣ ਉਨ੍ਹਾਂ ਨੂੰ ਜਨਤਕ ਕਰਨ ਦਾ ਸਮਾਂ ਆ ਗਿਆ ਸੀ।

ਜਸਵੰਤ ਸਿੰਘ ਖਾਲੜਾ ਨੂੰ 6 ਸਤੰਬਰ 1995 ਨੂੰ ਅਗਵਾ ਕਰ ਲਿਆ ਗਿਆ ਸੀ ਅਤੇ ਝਬਾਲ ਪੁਲਿਸ ਸਟੇਸ਼ਨ ਲਿਜਾਇਆ ਗਿਆ ਸੀ ਜਦੋਂ ਉਹ ਆਪਣੇ ਘਰ ਦੇ ਸਾਹਮਣੇ ਆਪਣੀ ਕਾਰ ਧੋ ਰਿਹਾ ਸੀ।

ਉਸ ਤੋਂ ਬਾਅਦ ਉਸਦੀ ਕੋਈ ਸੁਣਵਾਈ ਨਹੀਂ ਹੋਈ। 1996 ਵਿੱਚ, ਕੇਂਦਰੀ ਜਾਂਚ ਬਿਊਰੋ ਨੂੰ ਸਬੂਤ ਮਿਲੇ ਕਿ ਉਸਨੂੰ ਤਰਨਤਾਰਨ ਦੇ ਇੱਕ ਪੁਲਿਸ ਸਟੇਸ਼ਨ ਵਿੱਚ ਰੱਖਿਆ ਸੀ। ਇਸਨੇ ਸਿਫਾਰਸ਼ ਕੀਤੀ ਕਿ ਨੌਂ ਪੰਜਾਬ ਪੁਲਿਸ ਅਧਿਕਾਰੀਆਂ ‘ਤੇ ਕਤਲ ਅਤੇ ਅਗਵਾ ਦਾ ਦੋਸ਼ ਲਗਾਇਆ ਜਾਵੇ। ਕਥਿਤ ਕਾਤਲਾਂ ਨੂੰ ਗਿਆਰਾਂ ਸਾਲਾਂ ਤੱਕ ਬਿਨਾਂ ਕਿਸੇ ਦੋਸ਼ ਦੇ ਹਿਰਾਸਤ ਵਿੱਚ ਰੱਖਿਆ ਗਿਆ ਸੀ, ਜਦੋਂ ਕਿ ਸੀਨੀਅਰ ਪੁਲਿਸ ਸੁਪਰਡੈਂਟ ਅਜੀਤ ਸਿੰਘ ਵੀ ਸ਼ੱਕੀਆਂ ਵਿੱਚੋਂ ਇੱਕ ਸੀ।

# ਕੈਨੇਡਾ ਵਿਚ 2 ਪੰਜਾਬੀਆਂ ਦਾ ਕਾਤਲ ਮੁੜ ਗ੍ਰਿਫ਼ਤਾਰ



**ਵੈਨਕੂਵਰ** : ਕੈਨੇਡਾ ਵਿਚ 2 ਪੰਜਾਬੀਆਂ ਦਾ ਫ਼ਰਾਰ ਕਾਤਲ ਆਖਰਕਾਰ ਮੁੜ ਅੜਿੱਕੇ ਆ ਗਿਆ ਹੈ ਜਿਸ ਦੇ ਸਿਰ ’ਤੇ ਢਾਈ ਲੱਖ ਡਾਲਰ ਦਾ ਇਨਾਮ ਰੱਖਿਆ ਹੋਇਆ ਸੀ। ਤਿੰਨ ਸਾਲ ਪਹਿਲਾਂ ਬੀ.ਸੀ. ਦੀ ਜੇਲ੍ਹ ਵਿਚੋਂ ਫਰਾਰ ਹੋਏ ਰੱਬੀ ਅਲਖਲੀਲ ਨੂੰ ਕਤਰ ਵਿਚ ਗ੍ਰਿਫ਼ਤਾਰ ਕੀਤੇ ਜਾਣ ਦੀ ਰਿਪੋਰਟ ਹੈ। ਬੀ.ਸੀ. ਦੀ ਸੁਪਰੀਮ ਕੋਰਟ ਵੱਲੋਂ ਰੱਬੀ ਅਲਖਲੀਲ ਨੂੰ ਸੰਦੀਪ ਦੂਹਰੇ ਅਤੇ ਸੁਖਵੀਰ ਢੱਕ ਦੇ ਕਤਲ ਦੀ ਸਾਜ਼ਿਸ਼ ਘੜਨ ਦਾ ਦੋਸ਼ੀ ਕਰਾਰ ਦਿਤਾ ਗਿਆ ਪਰ ਇਕ ਹੋਰ ਮੁਕੱਦਮੇ ਦੀ ਸੁਣਵਾਈ ਦੌਰਾਨ ਉਹ ਜੇਲ੍ਹ ਵਿਚੋਂ ਫਰਾਰ ਹੋ ਗਿਆ।

**ਬੀ.ਸੀ. ਦੀ ਜੇਲ੍ਹ ਵਿਚੋਂ ਹੋ ਗਿਆ ਸੀ ਫ਼ਰਾਰ:**

ਟੋਰਾਂਟੋ ਦੀ ਕੌਫ਼ੀ ਸ਼ੌਪ ਵਿਚ ਹੋਏ ਕਤਲ ਦੇ ਦੋਸ਼ ਹੇਠ ਰੱਬੀ ਅਲਖਲੀਲ ਨੂੰ ਦੋਸ਼ੀ ਕਰਾਰ ਦਿੰਦਿਆਂ 20 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਜਦਕਿ ਕਿਊਬੈਕ ਦੀ ਇਕ ਅਦਾਲਤ ਵੱਲੋਂ ਉਸ ਨੂੰ ਨਸ਼ਾ ਤਸਕਰੀ ਦੇ ਮਾਮਲੇ ਵਿਚ ਅੱਠ ਸਾਲ ਦੀ ਸਜ਼ਾ ਸੁਣਾਈ ਗਈ। 30 ਅਗਸਤ 2022 ਨੂੰ ਨੌਰਥ ਫਰੇਜ਼ਰ ਪ੍ਰੀਟ੍ਰਾਇਲ ਸੈਂਟਰ ਤੋਂ ਫਰਾਰ ਹੋਣ ਮਗਰੋਂ ਜਿਊਰੀ ਨੇ ਉਸ ਨੂੰ ਪਹਿਲੇ ਦਰਜੇ ਦੀ ਹੱਤਿਆ ਦਾ ਦੋਸ਼ੀ ਕਰਾਰ ਦਿਤਾ।

ਕਿਸੇ ਵੇਲੇ ਕੈਨੇਡੀਅਨ ਗੈਂਗਲੈਂਡ ਵਿਚ ਮੁੱਖ ਟਕਰਾਅ ਯੂਨਾਈਟਡ ਨੇਸ਼ਨਜ਼ ਗਿਰੋਹ ਅਤੇ ਸੁਖਵੀਰ ਢੱਕ ਤੇ ਸੰਦੀਪ ਦੂਹਰੇ ਦੇ ਸਾਥੀਆਂ ਦਰਮਿਆਨ ਸੀ।

**ਰੱਬੀ ਅਲਖਲੀਲ ਨੂੰ ਕਤਰ ਪੁਲਿਸ ਨੇ ਕੀਤਾ ਕਾਬੂ**

ਰੈਡ ਸਕੌਰਪੀਅਨ ਗਿਰੋਹ ਦੇ ਆਗੂ ਜੌਨਾਥਨ ਬੈਕਨ ਦਾ ਅਗਸਤ 2011 ਵਿਚ ਕਤਲ ਕਰ ਦਿਤਾ ਗਿਆ ਜਦਕਿ ਅਲਖਲੀਲ ਦੇ ਤਿੰਨ ਭਰਾ ਵੀ ਗਿਰੋਹਾਂ ਦੀ ਲੜਾਈ ਦੌਰਾਨ ਮਾਰੇ ਗਏ। ਨਬੀਲ ਅਲਖਲੀਲ ਦਾ ਕਤਲ 2018 ਵਿਚ ਮੈਕਸੀਕੋ ਸਿਟੀ ਵਿਚ ਹੋਇਆ ਜਦਕਿ ਖਲੀਲ ਅਲਖਲੀਲ ਨੂੰ ਸਰੀ ਵਿਖੇ ਮਾਰ ਕਰ ਦਿਤਾ ਸੀ। ਇਸ ਤੋਂ ਇਲਾਵਾ ਮੁਹੰਮਦ ਅਲਖਲੀਲ ਦਾ ਕਤਲ 2003 ਵਿਚ ਵੈਨਕੂਵਰ ਦੇ ਇਕ ਨਾਈਟ ਕਲੱਬ ਵਿਚ ਕੀਤਾ ਗਿਆ। ਅਪ੍ਰੈਲ 2024 ਵਿਚ ਕੈਨੇਡਾ ਦੇ 25 ਭਗੌੜਿਆਂ ਵਿਚ ਰੱਬੀ ਅਲਖਲੀਲ ਨੂੰ ਚੌਥੇ ਸਥਾਨ ’ਤੇ ਰੱਖਿਆ ਸੀ।


ਕਿਸੇ ਵੀ ਤਰ੍ਹਾਂ ਦੀ ਇਮੀਗਰੇਸ਼ਨ ਸਬੰਧੀ ਸੇਵਾਵਾਂ ਲਈ ਅੱਜ ਹੀ ਸੰਪਰਕ ਕਰੋ

Transparent IMMIGRATION SERVICES INC

- Visitor Visa/Extension
- Super Visa
- Study Permit/ PGWP
- LMIA
- Work Permit
- Spousal Sponsorship
- Express Entry Application
- PR Application/Renewal
- Citizenship Application
- Family Sponsorship



Maninder Kaur (RCIC)

For more information Contact 778-951-8252

#219, 7928-128 St. Surrey, British Columbia, V3W 4E8

Email: info@transparentimmigration.com

SA
MEDIA GROUP

ਪੰਜਾਬੀ ਜਰਨਲ
DELTA OFFICE:
#3 7953 120 St. Delta
BC., V4C 6P6
Ph : 604-312-5678
EMAIL:
punjabijournal@gmail.com
connect@asianjournal.ca

The publisher does not guarantee the insertion of any particular advertisement on a specified date, or at all. Further, the publisher does not accept liability for printing and beyond the amount for the space actually occupied by that portion of the advertisement in which error occurs. The publisher reserves the right to cancel any contact at any time.

ਪੰਜਾਬੀ ਜਰਨਲ ਵਿਚ ਛਪੇ ਮੈਟਰ ਨਾਲ ਇਸ ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀ ਹੈ।

RETURN UNDELIVERABLE TO
CIRCULATION WING
SA MEDIA GROUP
14308 62nd Ave.,
Surrey BC, V3S 0K5
PUBLICATION MAIL
Contract/Agreement
# is 41798524

1520799 BC Ltd
SA Media Group
(Punjabi Journal)
is not responsible or legally liable for any matter or typing mistake.

**Managing Director**
SAHEBJIT SINGH RANDHAWA

**For Advertising**
Call 604-312-5678

**Graphic Designer**
Ashu Kashyap

# ਔਖੀ ਘੜੀ 'ਚ ਪੰਜਾਬੀਆਂ ਦੇ ਜਜ਼ਬੇ ਨੂੰ ਸਲਾਮ



ਪੰਜਾਬੀ ਆਪਣੀ ਬਹਾਦਰੀ, ਕੁਰਬਾਨੀ ਅਤੇ ਤਿਆਗ ਦੀ ਭਾਵਨਾ ਸਦਕਾ ਦੁਨੀਆ ਭਰ ਵਿੱਚ ਜਾਣੇ ਜਾਂਦੇ ਹਨ। ਸਿਰਫ਼ ਆਪਣੇ ਉੱਤੇ ਹੀ ਨਹੀਂ, ਸਗੋਂ ਦੁਨੀਆ ਉੱਪਰ ਵੀ ਜਦੋਂ ਕੋਈ ਬਿਪਤਾ ਪੈਂਦੀ ਹੈ ਤਾਂ ਇਹ ਝੱਟ ਇਕਜੁੱਟ ਹੋ ਕੇ ਮਦਦ ਲਈ ਤੁਰ ਪੈਂਦੇ ਹਨ। ਦਸਵੰਧ ਕੱਢਣ ਅਤੇ ਲੰਗਰ ਜਿਹੀਆਂ ਪਰੰਪਰਾਵਾਂ ਨੇ ਇਨ੍ਹਾਂ ਨੂੰ ਅਜਿਹੀ ਗੁਰ ਬਖ਼ਸ਼ਿਸ਼ ਦਿੱਤੀ ਹੈ ਕਿ ਇਹ ਕਿਸੇ ਵੀ ਔਖੇ ਤੋਂ ਔਖੇ ਕੰਮ ਨੂੰ ਆਸਾਨ ਸਮਝ ਕੇ ਉਸ ਨੂੰ ਪੂਰਾ ਕਰਨ ਲਈ ਨੰਗੇ ਧੜ ਤੁਰ ਪੈਂਦੇ ਹਨ।

ਪਿਛਲੇ ਦੋ ਹਫ਼ਤਿਆਂ ਤੋਂ ਪੰਜਾਬ 'ਚ ਬਿਪਤਾ ਦੇ ਰੂਪ 'ਚ ਆਸਮਾਨ ਤੋਂ ਵਰ੍ਹ ਰਹੇ ਮੀਂਹ ਅਤੇ ਉੱਚੇ ਪਹਾੜੀ ਖੇਤਰਾਂ 'ਚ ਫਟ ਰਹੇ ਬੱਦਲਾਂ ਕਾਰਨ ਮੈਦਾਨੀ ਖੇਤਰਾਂ 'ਚ ਹੜ੍ਹ ਆਏ ਹੋਏ ਹਨ। ਪੰਜਾਬੀ ਹੜ੍ਹਾਂ ਦੀ ਪਰਵਾਹ ਨਾ ਕਰਦਿਆਂ ਇਸ ਔਖੀ ਸਥਿਤੀ ਦਾ ਸਿਰੜ ਅਤੇ ਸਬਰ ਨਾਲ ਸਾਹਮਣਾ ਕਰਦੇ ਹੋਏ ਜਿਵੇਂ ਦਰਿਆਵਾਂ ਅਤੇ ਡੈਮਾਂ ਨਾਲ ਮੱਥਾ ਲਾ ਰਹੇ ਹਨ, ਉਸ ਲਈ ਇਨ੍ਹਾਂ ਦੀ ਚਾਰੇ ਪਾਸੇ ਪ੍ਰਸ਼ੰਸਾ ਹੋ ਰਹੀ ਹੈ। ਪੰਜਾਬ ਦੀ ਜਵਾਨੀ ਅੱਜ ਦਰਿਆਵਾਂ ਦੇ ਕੰਢਿਆਂ ਤੇ ਜਰਜਰ ਹੋ ਚੁੱਕੇ ਬੰਨ੍ਹਾਂ ਨੂੰ ਬਚਾਉਣ ਅਤੇ ਉਨ੍ਹਾਂ ਨੂੰ ਹੋਰ ਮਜ਼ਬੂਤ ਕਰਨ 'ਚ ਜੁਟੀ ਹੋਈ ਹੈ।

ਟਰੈਕਟਰ, ਜਿਹੜਾ ਦਿੱਲੀ ਦੀਆਂ ਬਰੂਹਾਂ 'ਤੇ ਆਪਣੀਆਂ ਮੰਗਾਂ ਮਨਵਾਉਣ ਲਈ ਕਿਸਾਨਾਂ ਦੇ ਵਿਰੋਧ ਦੇ ਇੱਕ ਮਜ਼ਬੂਤ ਚਿੰਨ੍ਹ ਵਜੋਂ ਸਥਾਪਤ ਹੋਇਆ ਸੀ, ਅੱਜ ਹੜ੍ਹਾਂ 'ਚ ਘਿਰੇ ਆਪਣੇ ਲੋਕਾਂ ਤੱਕ ਰਾਹਤ ਪਹੁੰਚਾਉਣ 'ਚ ਜੁਟਿਆ ਹੋਇਆ ਹੈ। ਟਰੈਕਟਰ ਉਨ੍ਹਾਂ ਥਾਵਾਂ 'ਤੇ ਲੋਕਾਂ ਤੱਕ ਮਦਦ ਪਹੁੰਚਾਉਣ ਵਿੱਚ ਸਫ਼ਲ ਹੋ ਰਿਹਾ ਹੈ ਜਿੱਥੇ ਪਾਣੀ ਦਾ ਪੱਧਰ ਘੱਟ ਹੈ ਪਰ ਜਿੱਥੇ ਕਿਤੇ ਖੇਤ ਡੂੰਘੇ ਪਾਣੀਆਂ 'ਚ ਡੁੱਬ ਚੁੱਕੇ ਹਨ, ਦੂਰ ਦੂਰ ਤੱਕ ਪਾਣੀ ਹੀ ਪਾਣੀ ਨਜ਼ਰ ਆ ਰਿਹਾ ਹੈ, ਕਿਤੇ ਕਿਸੇ ਖੇਤ ਦਾ ਕੋਈ ਹੱਦ-ਬੰਨਾ ਨਜ਼ਰ ਨਹੀਂ ਆ ਰਿਹਾ, ਜਿੱਥੇ ਘਰਾਂ ਦੀ ਇੱਕ ਇੱਕ ਮੰਜ਼ਿਲ ਪਾਣੀ ਵਿੱਚ ਡੁੱਬੀ ਹੋਈ ਹੈ, ਉੱਥੇ ਰਾਹਤ ਕਾਰਜਾਂ ਲਈ ਕਿਸ਼ਤੀਆਂ ਦੀ ਵਰਤੋਂ ਕੀਤੀ ਜਾ ਰਹੀ ਹੈ। ਪੰਜਾਬੀਆਂ ਨੂੰ ਜਦੋਂ ਹੋਰ ਕਿਸ਼ਤੀਆਂ ਦੀ ਲੋੜ ਪਈ ਤਾਂ ਕਪੂਰਥਲਾ ਦੀ ਫਰਮ ਹੰਸਪਾਲ ਟਰੇਡਰਜ਼, ਜੋ ਰੇਲ ਗੱਡੀ ਦੇ ਡੱਬਿਆਂ ਦੇ ਪੁਰਜ਼ੇ ਬਣਾਉਂਦੀ ਹੈ, ਨੇ ਇਸ ਔਖੇ ਸਮੇਂ ਆਪਣਾ ਨਿੱਜੀ ਕਾਰੋਬਾਰ ਰੋਕ ਕੇ ਸਾਰਾ ਧਿਆਨ ਇਹ ਕਿਸ਼ਤੀਆਂ ਬਣਾਉਣ 'ਤੇ ਲਾਇਆ ਹੋਇਆ ਹੈ। ਫਰਮ 'ਚ ਕੰਮ ਕਰਦੇ ਮੁਲਾਜ਼ਮ ਲਗਾਤਾਰ ਇਸ ਕੰਮ ਵਿੱਚ ਜੁਟੇ ਹੋਏ ਹਨ। ਇਹ ਫਰਮ ਪ੍ਰਿਤਪਾਲ ਸਿੰਘ ਹੰਸਪਾਲ ਅਤੇ ਉਨ੍ਹਾਂ ਦੇ ਭਰਾ ਦਵਿੰਦਰਪਾਲ ਸਿੰਘ ਤੇ ਸੁਖਵਿੰਦਰਪਾਲ ਸਿੰਘ ਚਲਾਉਂਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਸਾਰੇ ਇਹ ਕੰਮ ਸੇਵਾ ਦੀ ਭਾਵਨਾ ਨਾਲ ਕਰ ਰਹੇ ਹਨ। ਸਾਲ 2023 ਵਿੱਚ ਆਏ ਹੜ੍ਹਾਂ ਦੌਰਾਨ ਉਨ੍ਹਾਂ ਨੂੰ ਇੱਕ ਸਿਆਸੀ ਆਗੂ ਨੇ 'ਵੱਡਾ ਸ਼ਿਪ' ਤਿਆਰ ਕਰਨ ਲਈ ਕਿਹਾ ਸੀ, ਜਿਸ ਨਾਲ ਬੰਨ੍ਹ ਮਾਰਨ ਲਈ ਵੱਡੇ ਵੱਡੇ ਮਿੱਟੀ ਦੇ ਬੋਰੇ ਢੋਏ ਜਾ ਸਕਣ। ਉਨ੍ਹਾਂ ਦਾ ਇਹ ਤਜਰਬਾ ਸਫ਼ਲ ਰਿਹਾ ਅਤੇ ਇਸ ਰਾਹੀਂ ਉਹ ਪੰਜ ਤੋਂ ਦਸ ਟਨ ਭਾਰ ਢੋਣ 'ਚ ਸਫ਼ਲ ਰਹੇ। ਇਹ ਇੱਕ ਤਰ੍ਹਾਂ ਨਾਲ ਮਲਟੀਪਰਪਜ਼ ਸ਼ਿਪ ਸੀ, ਜਿਸ ਰਾਹੀਂ ਉਹ ਜੇ.ਸੀ.ਬੀ. ਮਸ਼ੀਨਾਂ ਅਤੇ ਟਰੈਕਟਰ ਢੋਣ 'ਚ ਵੀ ਕਾਮਯਾਬ ਰਹੇ। ਉਨ੍ਹਾਂ ਅਜਿਹਾ ਸ਼ਿਪ ਵੀ ਬਣਾਇਆ ਹੈ ਜਿਸ ਨਾਲ ਪਾਣੀਆਂ ਵਿੱਚੋਂ ਸੌ ਦੇ ਕਰੀਬ ਪਸ਼ੂਆਂ ਨੂੰ ਇੱਕੋ ਵਾਰੀ 'ਚ ਬਚਾ ਕੇ ਸੁਰੱਖਿਅਤ ਥਾਂ 'ਤੇ ਪਹੁੰਚਾਇਆ ਜਾ ਸਕਦਾ ਹੈ। ਪੰਜਾਬੀਆਂ ਦੀ ਨਿਸ਼ਕਾਮ ਸੇਵਾ ਦੀ ਭਾਵਨਾ ਉਦੋਂ ਝਲਕਦੀ ਹੈ ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਇੱਕ ਕਿਸ਼ਤੀ ਬਣਾਉਣ 'ਤੇ ਕਿੰਨੇ ਪੈਸੇ ਲੱਗਦੇ ਹਨ ਤਾਂ ਅੱਗੋਂ ਸਾਦਾ ਜਿਹਾ ਜਵਾਬ ਮਿਲਦਾ ਹੈ, ''ਖਰਚਾ ਕੀ ਹੈ, ਬੱਸ ਡੇਢ-ਦੋ ਕੁਇੰਟਲ ਲੋਹਾ ਲਗਦਾ ਹੈ।'' ਉਨ੍ਹਾਂ ਦੱਸਿਆ ਕਿ ਜਦੋਂ ਕਿਸ਼ਤੀ ਲੈਣ ਆਏ ਕਿਸੇ ਵਿਅਕਤੀ ਨੇ ਪੈਸੇ ਦੇਣੇ ਚਾਹੇ ਤਾਂ ਪੈਸੇ ਲੈਣ ਤੋਂ ਮਨ੍ਹਾਂ ਕਰਨ 'ਤੇ ਉਹ ਸੱਜਣ ਚਾਰ-ਪੰਜ ਟਨ ਲੋਹਾ ਦੇ ਗਿਆ। ਉਸ ਸੱਜਣ ਦੀ ਭਾਵਨਾ ਸੀ ਕਿ ਸੇਵਾ ਦਾ ਇਹ ਕੰਮ ਰੁਕਣਾ ਨਹੀਂ ਚਾਹੀਦਾ। ਪੰਜਾਬੀਆਂ ਨੂੰ ਗੁਰੂ ਸਾਹਿਬਾਨ ਵੱਲੋਂ ਬਖ਼ਸ਼ੇ ਸੇਵਾ ਦੇ ਇਸ ਗੁਣ ਨੂੰ ਦਰਸਾਉਣ ਲਈ ਪ੍ਰਿਤਪਾਲ ਸਿੰਘ ਦਾ ਇੱਕੋ ਫਿਕਰਾ ਕਾਫ਼ੀ ਹੈ, ''ਹੜ੍ਹ ਪੀੜਤਾਂ ਦੀ ਮਦਦ ਲਈ ਤਿਆਰ ਕੀਤੀ ਗਈ ਇਸ ਕਿਸ਼ਤੀ ਦੀ ਅਸੀਂ ਨਾ ਕੀਮਤ ਮੰਗਦੇ ਤੇ ਵਸੂਲਦੇ ਹਾਂ ਅਤੇ ਨਾ ਹੀ ਕੋਈ ਉਸ ਨੂੰ ਮੁਫ਼ਤ ਲੈਣਾ ਚਾਹੁੰਦਾ ਹੈ।'' ਇੱਥੋਂ ਤੱਕ ਕਿ ਸੇਵਾ 'ਚ ਜੁਟੇ ਲੋਕ ਅਤੇ ਸੰਸਥਾਵਾਂ ਕਿਸ਼ਤੀਆਂ 'ਚ ਵਰਤੇ ਜਾਣ ਲਈ ਲੋਹਾ ਖਰੀਦ ਕੇ ਧੱਕੇ ਨਾਲ ਉਨ੍ਹਾਂ ਕੋਲ ਸੁਟਵਾ ਜਾਂਦੇ ਹਨ।

ਇਸ ਵੇਲੇ ਲਗਭਗ ਸਾਰੇ ਪੰਜਾਬ ਨੂੰ ਹੜ੍ਹਾਂ ਦੇ ਪਾਣੀਆਂ ਨੇ ਘੇਰਿਆ ਹੋਇਆ ਹੈ। ਪਾਣੀ 'ਚ ਡੁੱਬੀਆਂ ਫ਼ਸਲਾਂ ਤੇ ਘਰ, ਹੜ੍ਹਾਂ ਦੇ ਤੇਜ਼ ਵਹਾਅ 'ਚ ਰੁੜ੍ਹਦੇ ਜਾਂਦੇ ਪਸ਼ੂ, ਆਪਣਾ ਸਾਰਾ ਕੁਝ ਗੁਆ ਚੁੱਕੇ ਲੋਕਾਂ ਦੀਆਂ ਅੱਖਾਂ ਵਿੱਚ ਸੁੰਨ ਤੇ ਉਦਾਸੀ- ਹੜ੍ਹਾਂ ਦੀ ਭਿਆਨਕ ਮਾਰ ਦੀਆਂ ਇਹ ਤਸਵੀਰਾਂ ਤੁਹਾਨੂੰ ਪ੍ਰੇਸ਼ਾਨ ਕਰਨ ਲਈ ਕਾਫ਼ੀ ਹਨ। ਸੋਸ਼ਲ ਮੀਡੀਆ 'ਤੇ ਤੈਰਦੀ ਇੱਕ ਵੀਡੀਓ 'ਚ ਇੱਕ ਪਿੰਡ ਵਿੱਚ ਪਾਣੀ ਵਿੱਚ ਡੁੱਬੇ ਖੇਤਾਂ ਦੇ ਨੇੜੇ ਇੱਕ ਉੱਚੀ ਜਗ੍ਹਾ 'ਤੇ ਖੜ੍ਹ ਕੇ ਪੱਤਰਕਾਰ ਜਦੋਂ ਨੌਜਵਾਨ ਨੂੰ ਉਸ ਦੇ ਘਰ ਤੇ ਖੇਤਾਂ ਬਾਰੇ ਪੁੱਛਦਾ ਹੈ ਤਾਂ ਉਸ ਨੇ ਚੁਫ਼ੇਰੇ ਦੂਰ ਤੱਕ ਫੈਲੇ ਪਾਣੀ ਵੱਲ ਇਸ਼ਾਰਾ ਕਰਦਿਆਂ ਕਿਹਾ, ''ਉਸ ਡੂੰਘੇ ਪਾਣੀ ਵਿੱਚ ਹੀ ਕਿਤੇ ਮੇਰੇ ਖੇਤ ਹਨ। ਹੱਦ-ਬੰਨੇ ਮੈਂ ਨਹੀਂ ਦੱਸ ਸਕਦਾ। ਸਾਡਾ ਘਰ ਵੀ ਪਾਣੀ 'ਚ ਡੁੱਬਿਆ ਹੋਇਆ ਹੈ। ਆਪਣੇ ਬਾਪੂ ਨੂੰ ਮੈਂ ਘਰ ਦੀ ਉਪਰਲੀ ਮੰਜ਼ਿਲ 'ਤੇ ਪਹੁੰਚਾਇਆ ਹੈ। ਉਹ ਖੇਤ ਦੇਖਣ ਆਉਣਾ ਚਾਹੁੰਦਾ ਹੈ ਪਰ ਮੈਂ ਨਹੀਂ ਚਾਹੁੰਦਾ ਕਿ ਉਹ ਇੱਥੇ ਆਵੇ ਅਤੇ ਦੇਖੇ ਕਿ ਹੁਣ ਕੁਝ ਵੀ ਦੇਖਣ ਲਈ ਬਾਕੀ ਨਹੀਂ ਰਿਹਾ। ਮੈਨੂੰ ਡਰ ਹੈ ਕਿ ਇਹ ਤਬਾਹੀ ਦੇਖ ਕੇ ਉਸ ਨੂੰ ਕੁਝ ਹੋ ਨਾ ਜਾਵੇ।''

ਇਨਸਾਨ ਤਾਂ ਇਨਸਾਨ ਹੈ, ਔਖੀਆਂ ਪ੍ਰਸਥਿਤੀਆਂ 'ਚ ਉਹ ਟੁੱਟਦਾ ਵੀ ਹੈ, ਢਹਿੰਦਾ ਵੀ ਹੈ ਤੇ ਉਸ ਦਾ ਦੁੱਖ ਅੱਖਾਂ ਰਾਹੀਂ ਵਹਿੰਦਾ ਵੀ ਹੈ। ਲਗਭਗ ਮੋਢਿਆਂ ਨੇੜੇ ਪੁੱਜੇ ਹੜ੍ਹ ਦੇ ਪਾਣੀ ਵਿੱਚ ਹੀ ਇੱਕ ਬਜ਼ੁਰਗ ਬਾਪੂ ਨੂੰ ਨੌਜਵਾਨ ਨੇ ਆਪਣੀ ਗਲਵਕੜੀ ਵਿੱਚ ਲਿਆ ਹੋਇਆ ਹੈ ਅਤੇ ਆਸਮਾਨ ਤੋਂ ਵਰ੍ਹਦੇ ਮੀਂਹ ਦੌਰਾਨ ਬਾਪੂ ਦੀਆਂ ਅੱਖਾਂ 'ਚੋਂ ਵੀ ਮੀਂਹ ਵਰ੍ਹ ਰਿਹਾ ਹੈ। ਸੋਸ਼ਲ ਮੀਡੀਆ 'ਤੇ ਚੱਲ ਰਹੀ ਇਹ ਵੀਡੀਓ ਦੇਖ ਕੇ ਪਤਾ ਨਹੀਂ ਲੱਗਦਾ ਕਿ ਉਹ ਦ੍ਰਿਸ਼ ਦੇਖਣ ਤੋਂ ਬਾਅਦ ਬਾਪੂ ਦੀਆਂ ਅੱਖਾਂ 'ਚੋਂ ਵਰ੍ਹਦਾ ਉਹ ਮੀਂਹ ਕਦੋਂ ਤੁਹਾਡੀਆਂ ਅੱਖਾਂ 'ਚੋਂ ਵੀ ਵਰ੍ਹਨ ਲੱਗਦਾ ਹੈ ਪਰ ਫਿਰ ਆਪਣਾ ਦੁੱਖ ਪੀੜ ਤੇ ਆਪਣੇ ਅੰਦਰਲੀ ਟੁੱਟ-ਭੱਜ ਸਮੇਟ ਕੇ ਸ਼ਾਸਨ-ਪ੍ਰਸ਼ਾਸਨ ਦੀ ਮਦਦ ਉਡੀਕੇ ਬਿਨਾ ਪੰਜਾਬੀ ਮੁੜ ਆਪਣੀ ਮਦਦ ਆਪ ਕਰਨ ਲਈ ਉੱਠ ਖੜੋਂਦੇ ਹਨ।

ਇਹ ਵੀ ਹਕੀਕਤ ਹੈ ਕਿ ਦੁੱਖ ਦੀ ਘੜੀ 'ਚ ਰਾਹਤ ਪਹੁੰਚਾਉਣ ਤੋਂ ਵੀ ਪਹਿਲਾਂ ਇਸ ਗੱਲ ਦੀ ਲੋੜ ਹੁੰਦੀ ਹੈ ਕਿ ਹਮਦਰਦੀ ਦੇ ਬੋਲਾਂ ਨਾਲ ਪੀੜਤ ਨੂੰ ਧਰਵਾਸ ਦਿੱਤਾ ਜਾਵੇ ਤਾਂ ਜੋ ਉਹ ਹੌਸਲਾ ਨਾ ਹਾਰੇ। ਦਰਅਸਲ, ਦੁੱਖ ਵੇਲੇ ਪ੍ਰਗਟਾਈ ਹਮਦਰਦੀ ਕਦੇ ਕਿਸੇ ਨੂੰ ਭੁੱਲਦੀ ਨਹੀਂ। ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਪ੍ਰਗਟਾਉਂਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕੇਂਦਰ ਵੱਲੋਂ ਅਫ਼ਗਾਨਿਸਤਾਨ ਨੂੰ ਤਾਂ ਰਾਹਤ ਸਮੱਗਰੀ ਭੇਜੀ ਗਈ ਹੈ ਪਰ ਪੰਜਾਬ ਪਿਛਲੇ 15 ਦਿਨਾਂ ਤੋਂ ਹੜ੍ਹਾਂ ਨਾਲ ਜੂਝ ਰਿਹਾ ਹੈ ਅਤੇ ਇਸ ਨੂੰ ਹਾਲੇ ਤੱਕ ਕੋਈ ਰਾਹਤ ਤੇ ਸਹਾਇਤਾ ਨਹੀਂ ਦਿੱਤੀ ਗਈ।

ਹੜ੍ਹ ਦੀ ਮਾਰ ਝੱਲ ਰਹੇ ਪੰਜਾਬ ਦੇ ਕਿਸਾਨ ਇਹ ਆਖ ਰਹੇ ਹਨ ਕਿ ਅਫ਼ਗਾਨਿਸਤਾਨ 'ਚ ਆਏ ਭੂਚਾਲ ਦੇ ਪੀੜਤਾਂ ਨਾਲ ਤਾਂ ਹਮਦਰਦੀ ਪ੍ਰਗਟਾਈ ਗਈ ਹੈ ਅਤੇ ਰਾਹਤ ਸਮੱਗਰੀ ਵੀ ਭੇਜੀ ਗਈ ਹੈ ਪਰ ਹੜ੍ਹਾਂ 'ਚ ਡੁੱਬੇ ਪੰਜਾਬੀਆਂ ਨਾਲ ਹਮਦਰਦੀ ਪ੍ਰਗਟਾਉਣ ਲਈ ਸੱਤਾ ਦੇ ਸਿਖਰ 'ਤੇ ਬੈਠੇ ਆਗੂ ਕੋਲੋਂ ਐਕਸ ਰਾਹੀਂ ਵੀ ਦੋ ਸ਼ਬਦ ਨਹੀਂ ਸਰੇ। ਰਾਹਤ ਤਾਂ ਦੂਰ ਦੀ ਗੱਲ ਹੈ, ਪੰਜਾਬ ਦੇ ਕੇਂਦਰ ਵੱਲ ਬਕਾਇਆ ਖੜ੍ਹੇ 60,000 ਕਰੋੜ ਰੁਪਏ ਦੇ ਫੰਡ ਵੀ ਜਾਰੀ ਨਹੀਂ ਕੀਤੇ ਗਏ ਅਤੇ ਨਾ ਹੀ ਸੂਬੇ ਲਈ ਕੋਈ ਰਾਹਤ ਪੈਕੇਜ ਐਲਾਨਿਆ ਗਿਆ ਹੈ। ਵਿਰੋਧੀ ਧਿਰ ਦੇ ਆਗੂਆਂ ਨੇ ਜਦੋਂ ਵਾਰ-ਵਾਰ ਕੇਂਦਰ ਦਾ ਧਿਆਨ ਪੰਜਾਬ, ਹਿਮਾਚਲ, ਜੰਮੂ ਕਸ਼ਮੀਰ ਅਤੇ ਉੱਤਰਾਖੰਡ 'ਚ ਆਏ ਹੜ੍ਹਾਂ ਵੱਲ ਦਿਵਾਇਆ ਅਤੇ ਇਨ੍ਹਾਂ ਸੂਬਿਆਂ ਦੀ ਮਦਦ ਕਰਨ ਲਈ ਆਖਿਆ ਤਾਂ ਬੀਤੇ ਦਿਨ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਟਰੈਕਟਰ 'ਤੇ ਬੈਠ ਕੇ ਪੰਜਾਬ 'ਚ ਆਏ ਹੜ੍ਹਾਂ ਦੀ ਸਥਿਤੀ ਦਾ ਜਾਇਜ਼ਾ ਲਿਆ ਅਤੇ ਵਾਰ ਵਾਰ ਇਹੀ ਗੱਲ ਦੁਹਰਾਈ ਕਿ ਉਹ ਪ੍ਰਧਾਨ ਮੰਤਰੀ ਦੇ ਕਹਿਣ 'ਤੇ ਇੱਥੇ ਆਏ ਹਨ ਪਰ ਰਾਹਤ ਬਾਰੇ ਉਨ੍ਹਾਂ ਕੋਈ ਐਲਾਨ ਨਹੀਂ ਕੀਤਾ। ਉਨ੍ਹਾਂ ਇਹ ਜ਼ਰੂਰ ਕਿਹਾ, ''ਪੰਜਾਬ 'ਤੇ ਸਾਰੇ ਦੇਸ਼ ਨੂੰ ਮਾਣ ਹੈ, ਪੰਜਾਬ ਭਾਰਤ ਦਾ ਮਾਣ ਹੈ। ਜਦੋਂ ਵੀ ਦੇਸ਼ 'ਤੇ ਕੋਈ ਸੰਕਟ ਆਇਆ ਹੈ ਤਾਂ ਪੰਜਾਬ ਨੇ ਉਸ ਨੂੰ ਆਪਣੀ ਛਾਤੀ 'ਤੇ ਝੱਲਿਆ ਹੈ।''

ਪੰਜਾਬ ਦੇਸ਼ ਦੀ ਹਰ ਔਖੀ ਘੜੀ 'ਚ ਮਦਦ ਲਈ ਸਭ ਤੋਂ ਅੱਗੇ ਰਿਹਾ, ਅੱਜ ਉਸ ਨੂੰ ਵੀ ਉਸੇ ਤਰ੍ਹਾਂ ਦੇ ਹੁੰਗਾਰੇ ਦੀ ਉਡੀਕ ਸੀ। ਪਰ ਜਦੋਂ ਹੜ੍ਹਾਂ ਤੋਂ ਏਨੇ ਦਿਨਾਂ ਬਾਅਦ ਵੀ ਨੁਕਸਾਨ ਦੇ ਅਨੁਮਾਨ ਦੀਆਂ ਰਿਪੋਰਟਾਂ ਕੇਂਦਰ ਤੱਕ ਪਹੁੰਚਾਉਣ ਦੀਆਂ ਗੱਲਾਂ ਹੀ ਕੀਤੀਆਂ ਜਾਣ ਤਾਂ ਇੱਕ ਸਾਧਾਰਨ ਪੇਂਡੂ ਕਿਸਾਨ ਦੀ ਆਖੀ ਇਹ ਗੱਲ ਬਿਲਕੁਲ ਢੁੱਕਵੀਂ ਜਾਪਦੀ ਹੈ: ''ਪੰਜਾਬੀ ਕੋਈ ਮੰਗਤੇ ਨਹੀਂ, ਜੋ ਤੁਹਾਡੀ ਰਾਹਤ ਦੀ ਖ਼ੈਰਾਤ ਨੂੰ ਉਡੀਕ ਰਹੇ ਨੇ। ਸਾਡੇ ਆਪਣੇ ਭੈਣ ਭਰਾ ਹੀ ਸਾਡੀ ਬਾਂਹ ਫੜਨ ਲਈ ਬਹੁਤ ਨੇ।'' ਇਹ ਗੱਲ ਹੈ ਵੀ ਸੱਚ ਕਿਉਂਕਿ ਪੰਜਾਬੀ ਲੋਕ ਹੜ੍ਹਾਂ 'ਚ ਘਿਰੇ ਆਪਣੇ ਭੈਣ ਭਰਾਵਾਂ ਦੀ ਦਿਲ ਖੋਲ੍ਹ ਕੇ ਮਦਦ ਕਰ ਰਹੇ ਹਨ।

ਪੰਜਾਬੀਆਂ ਦੇ ਇਸ ਜਜ਼ਬੇ ਨੂੰ ਸਲਾਮ!

**ਅਰਵਿੰਦਰ ਜੌਹਲ**

# ਨੇਪਾਲ ’ਚ ਲੋਕ ਸੜਕਾਂ ’ਤੇ ਨਿਕਲੇ, ਪੀ ਐਮ ਓਲੀ ਨੇ ਦਿੱਤਾ ਅਸਤੀਫਾ



ਰਾਜਸ਼ਾਹੀ ਦੇ ਖ਼ਾਤਮੇ ਤੋਂ ਬਾਅਦ ਸਿਆਸੀ ਅਸਥਿਰਤਾ ਨਾਲ ਦੋ-ਚਾਰ ਹੁੰਦਾ ਰਿਹਾ ਨੇਪਾਲ ਇਸ ਵਾਰ ਅਰਾਜਕਤਾ ਨਾਲ ਵੀ ਘਿਰ ਗਿਆ ਹੈ। ਚਿੰਤਾਜਨਕ ਇਹ ਹੈ ਕਿ ਇਸ ਅਰਾਜਕਤਾ ਦਾ ਅੰਤ ਹੁੰਦਾ ਨਹੀਂ ਦਿਸ ਰਿਹਾ ਹੈ। ਸੋਸ਼ਲ ਮੀਡੀਆ ਕਹੇ ਜਾਣ ਵਾਲੇ ਡਿਜੀਟਲ ਪਲੇਟਫਾਰਮ ’ਤੇ ਪਾਬੰਦੀ ਖ਼ਿਲਾਫ਼ ਨੇਪਾਲ ਦੇ ਨੌਜਵਾਨਾਂ ਨੇ ਜਿਹੜਾ ਵਿਰੋਧ ਪ੍ਰਦਰਸ਼ਨ ਸ਼ੁਰੂ ਕੀਤਾ, ਉਹ ਜਿਵੇਂ ਇਸ ਪਾਬੰਦੀ ਨੂੰ ਹਟਾ ਲਏ ਜਾਣ ਤੋਂ ਬਾਅਦ ਵੀ ਜਾਰੀ ਰਿਹਾ, ਉਸ ਤੋਂ ਇਹੀ ਸਪਸ਼ਟ ਹੁੰਦਾ ਹੈ ਕਿ ਨਵੀਂ ਪੀੜ੍ਹੀ ਦਾ ਗੁੱਸਾ ਸਿਰਫ਼ ਡਿਜੀਟਲ ਮੀਡੀਆ ’ਤੇ ਪਾਬੰਦੀ ਨੂੰ ਲੈ ਕੇ ਨਹੀਂ ਸੀ।

ਇਸ ਦੀ ਪੁਸ਼ਟੀ ਇਸ ਤੋਂ ਹੁੰਦੀ ਹੈ ਕਿ ਸੜਕਾਂ ’ਤੇ ਉਤਰੇ ਨੌਜਵਾਨਾਂ ਨੇ ਆਪਣੇ ਨੇਤਾਵਾਂ ਦੇ ਭ੍ਰਿਸ਼ਟਾਚਾਰ ਦਾ ਜ਼ਿਕਰ ਕਰ ਕੇ ਉਨ੍ਹਾਂ ਦੇ ਅਸਤੀਫ਼ੇ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ। ਇਸ ਦੇ ਆਸਾਰ ਨਹੀਂ ਸਨ ਕਿ ਉਨ੍ਹਾਂ ਦਾ ਗੁੱਸਾ ਇੰਨਾ ਹਿੰਸਕ ਰੂਪ ਲੈ ਲਵੇਗਾ ਕਿ ਪ੍ਰਧਾਨ ਮੰਤਰੀ ਕੇਪੀ ਸ਼ਰਮਾ ਓਲੀ ਅਸਤੀਫ਼ਾ ਦੇਣ ਲਈ ਮਜਬੂਰ ਹੋ ਜਾਣਗੇ ਪਰ ਉਨ੍ਹਾਂ ਦੇ ਦਮਨਕਾਰੀ ਰਵੱਈਏ ਕਾਰਨ ਅਜਿਹਾ ਹੀ ਹੋਇਆ। ਉਨ੍ਹਾਂ ਦੇ ਸੱਤਾ ਤੋਂ ਬਾਹਰ ਹੋ ਜਾਣ ਤੋਂ ਬਾਅਦ ਇਹ ਪ੍ਰਸ਼ਨ ਉੱਠ ਖੜ੍ਹਾ ਹੋਇਆ ਹੈ ਕਿ ਇਸ ਗੁਆਂਢੀ ਦੇਸ਼ ਦਾ ਸਿਆਸੀ ਭਵਿੱਖ ਕੀ ਹੋਵੇਗਾ? ਨੇਪਾਲ ਦੇ ਹਾਲਾਤ ਕਾਫ਼ੀ ਕੁਝ ਬੰਗਲਾਦੇਸ਼ ਦੇ ਘਟਨਾਕ੍ਰਮ ਦੀ ਯਾਦ ਦਿਵਾ ਰਹੇ ਹਨ। ਉੱਥੇ ਵੀ ਵਿਦਿਆਰਥੀਆਂ ਨੇ ਰਾਖਵਾਂਕਰਨ ਦੀ ਨੀਤੀ ਤੋਂ ਗੁੱਸੇ ਵਿਚ ਆ ਕੇ ਸ਼ੇਖ਼ ਹਸੀਨਾ ਸਰਕਾਰ ਖ਼ਿਲਾਫ਼ ਜਿਹੜਾ ਅੰਦੋਲਨ ਛੇੜਿਆ ਸੀ, ਉਹ ਉਨ੍ਹਾਂ ਨੂੰ ਸੱਤਾ ਤੋਂ ਬੇਦਖ਼ਲ ਕਰਨ ਦਾ ਜ਼ਰੀਆ ਬਣਿਆ।

ਨੇਪਾਲ ਵਿਚ ਜਿਹੜੀ ਸਥਿਤੀ ਬਣੀ, ਉਸ ਦੇ ਲਈ ਪ੍ਰਧਾਨ ਮੰਤਰੀ ਕੇਪੀ ਸ਼ਰਮਾ ਓਲੀ ਆਪਣੇ ਇਲਾਵਾ ਹੋਰ ਕਿਸੇ ਨੂੰ ਦੋਸ਼ ਨਹੀਂ ਦੇ ਸਕਦੇ। ਉਨ੍ਹਾਂ ਦੀਆਂ ਮਨਮਰਜ਼ੀ ਵਾਲੀਆਂ ਨੀਤੀਆਂ ਹੀ ਉਨ੍ਹਾਂ ਨੂੰ ਲੈ ਡੁੱਬੀਆਂ। ਨੇਪਾਲ ਲਈ ਚਿੰਤਾ ਦਾ ਵਿਸ਼ਾ ਸਿਰਫ਼ ਇਹ ਨਹੀਂ ਕਿ ਉੱਥੇ ਭਵਿੱਖੀ ਅੰਤਰਿਮ ਸਰਕਾਰ ਕਿਸ ਰੂਪ ਵਿਚ ਗਠਿਤ ਹੋਵੇਗੀ? ਉਸ ਲਈ ਚਿੰਤਾ ਵਾਲੀ ਗੱਲ ਇਹ ਵੀ ਹੈ ਕਿ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਅਰਾਜਕਤਾ ਦੀ ਰਾਹ ਤੋਂ ਕਿਵੇਂ ਪਰਤੇ? ਨੇਪਾਲ ਦੇ ਨੌਜਵਾਨਾਂ ਦਾ ਗੁੱਸਾ ਸਮਝ ਵਿਚ ਆਉਂਦਾ ਹੈ ਪਰ ਜੇਕਰ ਉਸ ਦਾ ਪ੍ਰਗਟਾਵਾ ਹਿੰਸਾ ਨਾਲ ਹੋਵੇਗਾ ਤਾਂ ਉਹ ਸੰਕਟ ਨੂੰ ਹੋਰ ਵਧਾਏਗਾ। ਇਹ ਸ਼ੁਭ ਸੰਕੇਤ ਨਹੀਂ ਕਿ ਗੁੱਸੇ ਵਿਚ ਆਏ ਨੌਜਵਾਨ ਫ਼ੌਜ ਦੀ ਵੀ ਨਹੀਂ ਸੁਣ ਰਹੇ ਹਨ।

## ਨੇਪਾਲ ਦੇ ਪ੍ਰਧਾਨ ਮੰਤਰੀ ਵੱਲੋਂ ਅਸਤੀਫਾ



ਨੇਪਾਲ ਦੇ ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਨੇ ਅੱਜ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਨੇਪਾਲ ਵਿਚ ਸਿਆਸੀ ਸੰਕਟ ਹੋਰ ਡੂੰਘਾ ਹੁੰਦਾ ਜਾ ਰਿਹਾ ਹੈ।

ਨੇਪਾਲ ਵਿਚ ਭ੍ਰਿਸ਼ਟਾਚਾਰ ਦੇ ਮਾਮਲੇ ਤੇ ਸੋਸ਼ਲ ਮੀਡੀਆ ਐਪਲੀਕੇਸ਼ਨ ’ਤੇ ਪਾਬੰਦੀ ਤੋਂ ਬਾਅਦ ਦੇਸ਼ ਭਰ ਵਿਚ ਪ੍ਰਦਰਸ਼ਨ ਹੋ ਰਹੇ ਹਨ ਤੇ ਵੱਡੀ ਗਿਣਤੀ ਵਿਚ ਪ੍ਰਦਰਸ਼ਨਕਾਰੀ ਸੰਸਦ ਭਵਨ ਵਿਚ ਦਾਖਲ ਹੋ ਗਏ। ਇਸ ਤੋਂ ਪਹਿਲਾਂ ਨੇਪਾਲ ਦੇ ਫੌਜ ਮੁਖੀ ਨੇ ਪ੍ਰਧਾਨ ਮੰਤਰੀ ਨੂੰ ਇਹ ਕਹਿੰਦਿਆਂ ਅਸਤੀਫਾ ਦੇਣ ਲਈ ਕਿਹਾ ਸੀ ਕਿ ਅਸਤੀਫਾ ਦੇਣ ਨਾਲ ਹਾਲਾਤ ਸੁਧਰ ਸਕਦੇ ਹਨ। ਇਸ ਤੋਂ ਪਹਿਲਾਂ ਓਲੀ ਸਰਕਾਰ ਦੇ ਤਿੰਨ ਮੰਤਰੀਆਂ ਨੇ ਵੀ ਅਸਤੀਫਾ ਦਿੱਤਾ ਸੀ।

# ਗ਼ਲਤ ਤਰੀਕੇ ਨਾਲ ਨਹਾਉਣ ’ਤੇ ਪੈ ਸਕਦੈ ਦੌਰਾ



ਖਾਣ-ਪੀਣ ਅਤੇ ਸੌਣ ਦੀ ਤਰ੍ਹਾਂ ਨਹਾਉਣ ਦਾ ਵੀ ਇਕ ਤਰੀਕਾ ਹੁੰਦਾ ਹੈ। ਜੇ ਇਸ ਨੂੰ ਲਾਗੂ ਨਾ ਕੀਤਾ ਜਾਵੇ ਤਾਂ ਨਹਾਉਂਦੇ ਸਮੇਂ ਲਕਵਾ ਹੋਣ ਜਾਂ ਦਿਮਾਗ਼ ਦਾ ਦੌਰਾ ਪੈਣ ਦਾ ਖ਼ਤਰਾ ਹੋ ਸਕਦਾ ਹੈ। ਬਹੁਤ ਸਾਰੇ ਲੋਕਾਂ ਨੂੰ ਆਦਤ ਹੋਵੇਗੀ ਕਿ ਉਹ ਬਾਥਰੂਮ ਵਿਚ ਪਹੁੰਚਦੇ ਹੀ ਸਿੱਧੇ ਸ਼ਾਵਰ ਦੇ ਹੇਠ ਖੜੇ ਹੋ ਜਾਂਦੇ ਹਨ ਜਾਂ ਫਿਰ ਬਾਲਟੀ ਵਿਚੋਂ ਮੱਗ ਨਾਲ ਪਾਣੀ ਸਿੱਧਾ ਸਿਰ ’ਤੇ ਪਾਉਣ ਲਗਦੇ ਹਨ।

ਇਹ ਨਹਾਉਣ ਦਾ ਤਰੀਕਾ ਗ਼ਲਤ ਹੈ ਅਤੇ ਇਸ ਨਾਲ ਦਿਮਾਗ਼ ਦੇ ਦੌਰੇ ਸਮੇਤ ਕਈ ਦੂਜੀ ਤਰ੍ਹਾਂ ਦੇ ਖ਼ਤਰੇ ਸਾਹਮਣੇ ਆ ਸਕਦੇ ਹਨ। ਅਸਲ ਵਿਚ ਸਾਡੇ ਸਰੀਰ ਦੇ ਖ਼ੂਨ ਦਾ ਪ੍ਰਵਾਹ ਉਪਰ ਤੋਂ ਹੇਠਾਂ ਵਲ ਹੁੰਦਾ ਹੈ। ਅਜਿਹੇ ਵਿਚ ਜੇ ਤੁਸੀ ਸਿੱਧਾ ਸਿਰ ’ਤੇ ਠੰਢਾ ਪਾਣੀ ਪਾਉਗੇ ਤਾਂ ਸਿਰ ਵਿਚ ਮੌਜੂਦ ਨਾੜੀਆਂ ਸੁੰਗੜਨ ਲਗਣਗੀਆਂ ਜਾਂ ਖ਼ੂਨ ਜਮ ਜਾਏਗਾ।

ਇਸ ਲਈ ਨਹਾਉਂਦੇ ਸਮੇਂ ਸਿਰ ਉਪਰ ਪਹਿਲਾਂ ਪਾਣੀ ਨਾ ਪਾਉ। ਸਿੱਧਾ ਸਿਰ ’ਤੇ ਪਾਣੀ ਪਾਉਣ ਨਾਲ ਸਿਰ ਠੰਢਾ ਹੋਣ ਲਗਦਾ ਹੈ ਜਿਸ ਨਾਲ ਦਿਲ ਨੂੰ ਸਿਰ ਵਲ ਜ਼ਿਆਦਾ ਖ਼ੂਨ ਭੇਜਣਾ ਪੈਂਦਾ ਹੈ ਅਤੇ ਦਿਲ ਦਾ ਦੌਰਾ ਜਾਂ ਦਿਮਾਗ਼ ਦੀ ਨਾੜੀ ਫਟਣ ਦਾ ਖ਼ਤਰਾ ਹੋ ਸਕਦਾ ਹੈ। ਨਹਾਉਣ ਸਮੇਂ ਪੈਰਾਂ ਤੋਂ ਸ਼ੁਰੂਆਤ ਕਰੋ। ਪੈਰ ਦੇ ਪੰਜਿਆਂ ਉਪਰ ਪਾਣੀ ਪਾਉਣਾ ਸ਼ੁਰੂ ਕਰੋ। ਇਸ ਤੋਂ ਬਾਅਦ ਲੱਤਾਂ, ਪੱਟ, ਪੇਟ, ਹੱਥ ਅਤੇ ਮੋਢਿਆਂ ’ਤੇ ਪਾਣੀ ਪਾਉ ਅਤੇ ਸੱਭ ਤੋਂ ਅਖ਼ੀਰ ਵਿਚ ਸਿਰ ’ਚ ਪਾਣੀ ਪਾਉ।




# ਭਗਤੀ ਅਤੇ ਤਿਆਗ ਦੇ ਪ੍ਰਤੀਕ ਬਾਬਾ ਸ੍ਰੀ ਚੰਦ ਜੀ



ਬਾਬਾ ਸ੍ਰੀ ਚੰਦ ਜੀ ਦਾ ਪ੍ਰਕਾਸ਼ ਬਿਕ੍ਰਮੀ ਸੰਮਤ 1551 ਭਾਦੋਂ ਸੁਦੀ ਨੌਮੀ ਦੇ ਸ਼ੁੱਕਰਵਾਰ ਨੂੰ ਗੁਰੂ ਨਾਨਕ ਦੇਵ ਅਤੇ ਮਾਤਾ ਸੁਲੱਖਣੀ ਦੇ ਘਰ ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ ਵਿੱਚ ਹੋਇਆ। ਬਾਬਾ ਜੀ ਨੇ ਮੁੱਢਲੀ ਸਿੱਖਿਆ ਪੰਡਿਤ ਹਰਦਿਆਲ ਕੋਲੋਂ ਹਾਸਲ ਕੀਤੀ ਅਤੇ ਇਸ ਪਿੱਛੋਂ ਕਸ਼ਮੀਰ ਜਾ ਕੇ ਪੰਡਿਤ ਪਰਸ਼ੋਤਮ ਕੋਲੋਂ ਬ੍ਰਹਮ ਵਿੱਦਿਆ ਲਈ। ਇਸ ਮਗਰੋਂ ਉਨ੍ਹਾਂ ਨੇ ਕਸ਼ਮੀਰ ਵਿਚ ਹੀ ਉਦਾਸੀਨ ਮਹਾਂਪੁਰਸ਼ ਅਵਨਾਸੀ ਮੁਨੀ ਜੀ ਨੂੰ ਗੁਰੂ ਧਾਰਨ ਕੀਤਾ ਅਤੇ ਉਨ੍ਹਾਂ ਤੋਂ ਉਪਦੇਸ਼ ਲੈ ਕੇ ਜਗਤ ਉਧਾਰ ਕਰਨ ਲਈ ਤੁਰ ਪਏ। ਉਸ ਸਮੇਂ ਮੁਗਲ ਬਾਦਸ਼ਾਹ ਹਿੰਦੂ ਧਰਮ 'ਤੇ ਅੱਤਿਆਚਾਰ ਕਰ ਰਹੇ ਸਨ। ਬਾਬਾ ਜੀ ਨੇ ਧਰਮ ਦੀ ਰੱਖਿਆ ਲਈ ਵਿਸ਼ੇਸ਼ ਉੱਦਮ ਕਰਦਿਆਂ ਧਰਮ ਪ੍ਰਚਾਰ ਦੇ ਪੰਜ ਕੇਂਦਰ ਸਥਾਪਿਤ ਕੀਤੇ। ਪਹਿਲਾ ਸਥਾਨ ਸ੍ਰੀਨਗਰ (ਕਸ਼ਮੀਰ ਵਿੱਚ), ਦੂਜਾ ਸਥਾਨ ਕਾਬੁਲ (ਅਫ਼ਗਾਨਿਸਤਾਨ), ਤੀਜਾ ਸਥਾਨ ਸੀਨਾ ਪ੍ਰਾਂਤ (ਪਿਸ਼ਾਵਰ), ਚੌਥਾ ਸਥਾਨ ਸਿੰਧ ਸੱਖਰ ਠੱਠਾ (ਹੁਣ ਪਾਕਿਸਤਾਨ) ਅਤੇ ਪੰਜਵਾਂ ਸਥਾਨ ਬਾਰਠ ਸਾਹਿਬ (ਪਠਾਨਕੋਟ) ਵਿੱਚ ਸਥਾਪਿਤ ਕੀਤਾ। ਉਸ ਸਮੇਂ ਦੌਰਾਨ ਮੁਗਲ ਬਾਦਸ਼ਾਹਾਂ ਨੇ ਜਿਹੜੇ ਮੰਦਰਾਂ ਨੂੰ ਬੰਦ ਕਰਵਾ ਦਿੱਤਾ ਸੀ, ਉਨ੍ਹਾਂ ਮੰਦਰਾਂ 'ਚ ਜਾ ਕੇ ਬਾਬਾ ਸ੍ਰੀ ਚੰਦ ਨੇ ਆਰਤੀਆਂ ਮੁੜ ਸ਼ੁਰੂ ਕਰਵਾਈਆਂ ਅਤੇ ਉਸ ਸਮੇਂ ਦੇ ਰਾਜਿਆਂ ਨੂੰ ਸਰਬ-ਸਾਂਝੀਵਾਲਤਾ ਦਾ ਉਪਦੇਸ਼ ਦਿੱਤਾ। ਇਸ ਮਗਰੋਂ ਬਾਰਠ ਸਾਹਿਬ, ਜੋ ਗੁਰਦਾਸਪੁਰ ਤੋਂ ਤਕਰੀਬਨ 22-23 ਕਿਲੋਮੀਟਰ ਦੀ ਦੂਰੀ 'ਤੇ ਪਠਾਨਕੋਟ ਮੁੱਖ ਸੜਕ ਦੇ ਸੱਜੇ ਪਾਸੇ ਵੱਲ ਸਥਿਤ ਹੈ, ਵਿੱਚ ਬਾਬਾ ਜੀ ਨੇ ਲਗਪਗ 62 ਸਾਲ ਤਪੱਸਿਆ ਕੀਤੀ। ਇਥੇ ਹੀ ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਉਨ੍ਹਾਂ ਦੇ ਦਰਸ਼ਨਾਂ ਲਈ ਆਏ। ਇਸੇ ਸਥਾਨ 'ਤੇ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਵੱਡੇ ਪੁੱਤਰ ਬਾਬਾ ਗੁਰਦਿੱਤਾ ਜੀ ਨੂੰ ਉਨ੍ਹਾਂ ਦੇ ਚਰਨਾਂ ਵਿਚ ਭੇਟ ਕੀਤਾ। ਉਸ ਸਮੇਂ ਦਾ ਮੁਗਲ ਬਾਦਸ਼ਾਹ ਜਹਾਂਗੀਰ ਵੀ ਬਾਬਾ ਸ੍ਰੀ ਚੰਦ ਜੀ ਦੇ ਦਰਸ਼ਨਾਂ ਲਈ ਇੱਥੇ ਪਹੁੰਚਿਆ ਸੀ।

ਅੱਜ ਵੀ ਬਾਰਠ ਸਾਹਿਬ ਦੇ ਅਸਥਾਨ 'ਤੇ ਸੰਗਤ ਦੀ ਵੱਡੀ ਸ਼ਰਧਾ ਹੈ। ਲੋਕਾਂ ਦਾ ਵਿਸ਼ਵਾਸ ਹੈ ਕਿ ਇੱਥੇ ਸਾਰੀਆਂ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਹਨ। ਖਾਸ ਕਰਕੇ ਸੰਗਰਾਂਦ ਵਾਲੇ ਦਿਨ ਇੱਥੇ ਭਾਰੀ ਜੋੜ ਮੇਲਾ ਲੱਗਦਾ ਹੈ।

ਬਾਬਾ ਜੀ ਨੇ ਧਰਮ ਪ੍ਰਚਾਰ ਅਤੇ ਸਰਬ-ਸਾਂਝੀਵਾਲਤਾ ਦਾ ਪ੍ਰਚਾਰ ਕਰਨ ਲਈ ਉਦੋਂ ਬਾਬਾ ਗੁਰਦਿੱਤਾ ਜੀ, ਬਾਬਾ ਧਰਮ ਚੰਦ ਜੀ, ਬਾਬਾ ਬਾਲ ਰਾਏ ਜੀ, ਬਾਬਾ ਬੜਤੂ ਜੀ ਅਤੇ ਭਗਤ ਭਗਵਾਨ ਜੀ ਨੂੰ ਉਪਦੇਸ਼ ਦੇ ਕੇ ਵੱਖ-ਵੱਖ ਦਿਸ਼ਾਵਾਂ ਵੱਲ ਤੋਰਿਆ। ਇਨ੍ਹਾਂ ਰਾਹੀਂ ਅੱਗੇ ਉਦਾਸੀਨ ਸੰਪ੍ਰਦਾਇ ਦਾ ਵਿਸਥਾਰ ਹੋਇਆ। ਲੱਖਾਂ ਸ਼ਰਧਾਲੂ ਦੇਸ਼ਾਂ-ਵਿਦੇਸ਼ਾਂ 'ਚ ਇਸ ਸੰਪ੍ਰਦਾਇ ਦਾ ਪ੍ਰਚਾਰ ਕਰ ਰਹੇ ਹਨ। ਧਰਮ ਦਾ ਪ੍ਰਚਾਰ ਕਰਦਿਆਂ ਬਾਬਾ ਸ੍ਰੀ ਚੰਦ ਜੀ ਨੇ ਲਿਖਿਆ:

**ਸਿਆਹ, ਸਫੈਦ, ਜਰਦ, ਸੁਰਖ਼ਾਈ।**
**ਜੋ ਲਏ ਪੈਰਹਿ, ਸੋ ਗੁਰ ਭਾਈ।**

ਇਸ ਦਾ ਭਾਵ ਇਹ ਹੈ ਕਿ ਜਿਨ੍ਹਾਂ ਸਾਧੂਆਂ ਨੇ ਕਾਲੇ, ਚਿੱਟੇ, ਪੀਲੇ ਜਾਂ ਲਾਲ ਵਸਤਰ ਪਹਿਨੇ ਹੋਏ ਹਨ, ਉਹ ਸਾਰੇ ਸਾਡੇ ਗੁਰ-ਭਾਈ ਹਨ। ਭਾਵੇਂ ਉਹ ਕਿਸੇ ਵੀ ਧਰਮ ਨਾਲ ਸਬੰਧਤ ਹੋਣ, ਕਿਉਂਕਿ ਉਹ ਸਾਰੇ ਧਰਮ ਦੇ ਨਾਲ-ਨਾਲ ਨਾਮ-ਸਿਮਰਨ ਦਾ ਪ੍ਰਚਾਰ ਕਰਦੇ ਹਨ।

ਧਰਮ ਦਾ ਪ੍ਰਚਾਰ ਕਰਦੇ ਹੋਏ ਬਾਬਾ ਸ੍ਰੀ ਚੰਦ ਜੀ ਚੰਬਾ (ਹਿਮਾਚਲ ਪ੍ਰਦੇਸ਼) ਗਏ। ਉੱਥੇ ਕੁਝ ਸਮਾਂ ਠਹਿਰਨ ਤੋਂ ਬਾਅਦ ਉਹ ਇਰਾਵਤੀ ਨਦੀ ਪਾਰ ਕਰਕੇ ਕੈਲਾਸ਼ ਪਰਬਤ 'ਤੇ ਚਲੇ ਗਏ। ਅੱਜ ਉਨ੍ਹਾਂ ਵੱਲੋਂ ਚਲਾਈ ਗਈ ਸੰਪਰਦਾ ਨੂੰ ਪੂਰੀ ਦੁਨੀਆ ਵਿੱਚ 'ਉਦਾਸੀਨ ਭੇਖ ਮਹਾਂ ਮੰਡਲ' ਵਜੋਂ ਜਾਣਿਆ ਜਾਂਦਾ ਹੈ। ਦੇਸ਼ ਤੋਂ ਇਲਾਵਾ ਕਈ ਹੋਰ ਮੁਲਕਾਂ ਵਿੱਚ ਵੀ ਉਨ੍ਹਾਂ ਦੇ ਉਦਾਸੀਨ ਡੇਰੇ ਕਾਇਮ ਹਨ, ਜਿੱਥੇ ਉਨ੍ਹਾਂ ਦੇ ਪੈਰੋਕਾਰ ਉਦਾਸੀਨ ਭੇਖ ਵਿੱਚ ਰਹਿ ਕੇ ਧਰਮ ਦਾ ਪ੍ਰਚਾਰ ਕਰਦੇ ਹਨ। ਬੀਤੇ ਦਿਨੀਂ ਦੇਸ਼-ਵਿਦੇਸ਼ ਵਿੱਚ ਉਨ੍ਹਾਂ ਦਾ 531ਵਾਂ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਤੇ ਪਿਆਰ ਨਾਲ ਮਨਾਇਆ ਗਿਆ ਹੈ।

ਬਾਬਾ ਸ੍ਰੀ ਚੰਦ ਜੀ ਨੇ ਆਪਣੇ ਜੀਵਨ ਕਾਲ ਵਿੱਚ ਸੇਵਾ, ਸਿਮਰਨ ਅਤੇ ਸਾਂਝੀਵਾਲਤਾ ਦੇ ਸਿਧਾਂਤਾਂ 'ਤੇ ਜ਼ੋਰ ਦਿੱਤਾ। ਉਨ੍ਹਾਂ ਦਾ ਉਪਦੇਸ਼ ਸੀ ਕਿ ਹਰ ਮਨੁੱਖ ਨੂੰ ਆਪਣੇ ਮਨ ਨੂੰ ਵਿਕਾਰਾਂ ਤੋਂ ਮੁਕਤ ਕਰਕੇ ਪ੍ਰਮਾਤਮਾ ਨਾਲ ਜੁੜਨਾ ਚਾਹੀਦਾ ਹੈ। ਉਨ੍ਹਾਂ ਨੇ ਆਪਣੇ ਸ਼ਰਧਾਲੂਆਂ ਨੂੰ ਤਿਆਗ, ਨਿਮਰਤਾ ਅਤੇ ਸਬਰ ਦਾ ਪਾਠ ਪੜ੍ਹਾਇਆ। ਇਸ ਸੰਪ੍ਰਦਾਇ ਦਾ ਮੁੱਖ ਮਕਸਦ ਲੋਕਾਂ ਨੂੰ ਆਤਮ-ਗਿਆਨ ਵੱਲ ਪ੍ਰੇਰਿਤ ਕਰਨਾ ਅਤੇ ਉਨ੍ਹਾਂ ਨੂੰ ਸੱਚੀ ਸ਼ਾਂਤੀ ਦਾ ਮਾਰਗ ਦਿਖਾਉਣਾ ਹੈ।

ਬਾਬਾ ਸ੍ਰੀ ਚੰਦ ਜੀ ਨੇ ਵੱਖ-ਵੱਖ ਧਰਮਾਂ ਅਤੇ ਫਿਰਕਿਆਂ ਦੇ ਲੋਕਾਂ ਨੂੰ ਇਕਜੁੱਟ ਹੋ ਕੇ ਰਹਿਣ ਦੀ ਸਿੱਖਿਆ ਦਿੱਤੀ। ਉਨ੍ਹਾਂ ਨੇ ਆਪਣੇ ਜੀਵਨ ਕਾਲ ਦੌਰਾਨ ਸਿੱਖਾਂ ਦੇ ਨਾਲ-ਨਾਲ ਹਿੰਦੂਆਂ, ਮੁਸਲਮਾਨਾਂ ਅਤੇ ਹੋਰ ਭਾਈਚਾਰਿਆਂ ਨਾਲ ਵੀ ਚੰਗੇ ਸਬੰਧ ਬਣਾਈ ਰੱਖੇ। ਉਹ ਹਮੇਸ਼ਾ ਸਹਿਣਸ਼ੀਲਤਾ ਅਤੇ ਸਦਭਾਵਨਾ ਦਾ ਪ੍ਰਚਾਰ ਕਰਦੇ ਸਨ।

A CREATIVE DESIGN & PRINT SOURCE

ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ
ਵਿਆਹ-ਸ਼ਾਦੀਆਂ ਦੇ ਕਾਰਡ

DESIGN 360
GRAPHICS & PROMOTIONS INC.
.... create a new

GRAPHIC DESIGNING
PRODUCT PHOTOGRAPHY
OFFSET / DIGITAL PRINTING
SIGNAGES DISPLAYS

CONTACT: AMANDEEP SINGH
604 590 0066 / 604 317 8750
#1 13415 76 AVE. SURREY

# ਪਪੀਤੇ ਦਾ ਰਸ ਸਿਰਦਰਦ ਅਤੇ ਕਬਜ਼ ਨੂੰ ਕਰਦੈ ਠੀਕ



ਪੇਟ ਦੇ ਰੋਗਾਂ ਨੂੰ ਦੂਰ ਕਰਨ ਲਈ ਪਪੀਤੇ ਦਾ ਸੇਵਨ ਕਰਨਾ ਲਾਭਕਾਰੀ ਹੁੰਦਾ ਹੈ। ਪਪੀਤੇ ਦੇ ਸੇਵਨ ਨਾਲ ਪਾਚਨ ਤੰਤਰ ਠੀਕ ਹੁੰਦਾ ਹੈ। ਪਪੀਤੇ ਦਾ ਰਸ ਨੀਂਦ ਨਾ ਆਉਣਾ, ਸਿਰਦਰਦ, ਕਬਜ਼ ਆਦਿ ਰੋਗਾਂ ਨੂੰ ਠੀਕ ਕਰਦਾ ਹੈ। ਪਪੀਤੇ ਦਾ ਰਸ ਸੇਵਨ ਕਰਨ ਨਾਲ ਖੱਟੇ ਡਕਾਰ ਵੀ ਬੰਦ ਹੋ ਜਾਂਦੇ ਹਨ। ਪਪੀਤਾ ਪੇਟ ਰੋਗ, ਹਿਰਦਾ ਰੋਗ, ਆਂਤੜਾਂ ਦੀ ਕਮਜ਼ੋਰੀ ਆਦਿ ਨੂੰ ਦੂਰ ਕਰਦਾ ਹੈ। ਪੱਕੇ ਜਾਂ ਕੱਚੇ ਪਪੀਤੇ ਦੀ ਸਬਜ਼ੀ ਬਣਾ ਕੇ ਖਾਣਾ ਢਿੱਡ ਲਈ ਲਾਭਕਾਰੀ ਹੁੰਦਾ ਹੈ। ਪਪੀਤੇ ਦੇ ਪੱਤੀਆਂ ਦੇ ਵਰਤੋਂ ਨਾਲ ਹਾਈ ਬਲੱਡ ਪ੍ਰੈਸ਼ਰ ਵਿਚ ਆਰਾਮ ਮਿਲਦਾ ਹੈ ਅਤੇ ਦਿਲ ਦੀ ਧੜਕਣ ਨਿਯਮਤ ਹੁੰਦੀ ਹੈ।

ਪਪੀਤੇ ਦੇ ਸੇਵਨ ਨਾਲ ਜ਼ਖ਼ਮ ਭਰਦਾ ਹੈ, ਦਸਤ ਅਤੇ ਪਿਸ਼ਾਬ ਦੀ ਰੁਕਾਵਟ ਦੂਰ ਹੁੰਦੀ ਹੈ। ਕੱਚੇ ਪਪੀਤੇ ਦਾ ਦੁੱਧ ਚਮੜੀ ਰੋਗ ਲਈ ਬਹੁਤ ਲਾਭਕਾਰੀ ਹੁੰਦਾ ਹੈ। ਪਪੀਤੇ ਦੇ ਬੀਜ ਕੀੜਿਆਂ ਨੂੰ ਨਸ਼ਟ ਕਰਨ ਵਾਲੇ ਅਤੇ ਮਾਸਿਕ ਧਰਮ ਨੂੰ ਨੇਮੀ ਬਣਾਉਣ ਵਾਲੇ ਹੁੰਦੇ ਹਨ। ਪਪੀਤੇ ਦਾ ਦੁੱਧ ਦਰਦ ਨੂੰ ਠੀਕ ਕਰਦਾ ਹੈ, ਕੋਹੜ ਨੂੰ ਖ਼ਤਮ ਕਰਦਾ ਹੈ ਅਤੇ ਛਾਤੀਆਂ ਵਿਚ ਦੁੱਧ ਨੂੰ ਵਧਾਉਂਦਾ ਹੈ। ਪਪੀਤੇ ਦੀ ਜੜ੍ਹ ਘਸਾ ਕੇ ਲਗਾਉਣ ਨਾਲ ਬਵਾਸੀਰ ਵਿਚ ਫ਼ਾਇਦਾ ਹੁੰਦਾ ਹੈ। ਕੱਚਾ ਪਪੀਤਾ ਕੁੱਝ ਦਿਨਾਂ ਤਕ ਦਵਾਈ ਦੀ ਤਰ੍ਹਾਂ ਖਾਣ ਨਾਲ ਵੀ ਖ਼ੂਨੀ ਬਵਾਸੀਰ ਅਤੇ ਹਾਜ਼ਮੇ ਸਬੰਧੀ ਵਿਕਾਰ ਦੂਰ ਹੁੰਦੇ ਹਨ।

3 ਗਰਾਮ ਕੱਚੇ ਪਪੀਤੇ ਦੇ ਰਸ ਵਿਚ 3 ਗ੍ਰਾਮ ਚੀਨੀ ਮਿਲਾ ਕੇ ਇਸ ਨੂੰ ਤਿੰਨ ਭਾਗਾਂ ਵਿਚ ਵੰਡ ਕੇ ਦਿਨ ਵਿਚ 3 ਵਾਰ ਪੀਣ ਨਾਲ ਕੁੱਝ ਹੀ ਦਿਨਾਂ ਵਿਚ ਤਿੱਲੀ ਘੱਟ ਹੋ ਜਾਂਦੀ ਹੈ। ਕੱਚੇ ਪਪੀਤੇ ਦਾ ਦੁਧੀਆ ਰਸ ਜਮ੍ਹਾਂ ਕਰ ਲਉ ਤੇ ਧੁੱਪ ਵਿਚ ਸੁਕਾ ਲਉ। 24 ਘੰਟੇ ਬਾਅਦ ਇਹ ਸਫ਼ੈਦ ਚੂਰਨ ਬਣ ਜਾਵੇਗਾ। ਦੋ ਗਰਾਮ ਚੂਰਨ ਭੋਜਨ ਦੇ ਬਾਅਦ ਦੁੱਧ ਨਾਲ ਲੈਣ ਨਾਲ ਹਾਜ਼ਮੇ ਦੀ ਖ਼ਰਾਬੀ ਦੂਰ ਹੁੰਦੀ ਹੈ। ਮੂੰਹ ਦੇ ਛਾਲੇ, ਜੀਭ ਵਿਚ ਦਰਾੜਾਂ ਪੈਣ 'ਤੇ ਪਪੀਤੇ ਦਾ ਚੂਰਨ, ਗਿਲਸਰੀਨ ਮਿਲਾ ਕੇ ਜੀਭ 'ਤੇ ਲਗਾਉ।

ਪਪੀਤੇ ਦਾ ਚੂਰਨ ਪਾਣੀ ਵਿਚ ਮਿਲਾ ਕੇ ਸੇਵਨ ਕਰਨ ਨਾਲ ਗਲੇ ਦੀ ਖ਼ਰਾਬੀ ਦੂਰ ਹੁੰਦੀ ਹੈ। ਪਪੀਤੇ ਦਾ ਚੂਰਨ ਗਿਲਸਰੀਨ ਵਿਚ ਮਿਲਾ ਕੇ 5-5 ਮਿੰਟ ਦੇ ਵਕਫ਼ੇ ਬਾਅਦ ਗਲੇ ਵਿਚ ਲਗਾਉਣ ਨਾਲ ਗਲੇ ਦੀ ਸੋਜ ਦੂਰ ਹੁੰਦੀ ਹੈ। ਪਪੀਤੇ ਦਾ ਚੂਰਨ ਸਵੇਰੇ-ਸ਼ਾਮ 5-5 ਗਰਾਮ ਦੀ ਮਾਤਰਾ ਵਿਚ ਸੇਵਨ ਕਰਨ ਨਾਲ ਜਿਗਰ ਅਤੇ ਤਿੱਲੀ ਦੀ ਵਧੀ ਹੋਈ ਅਵਸਥਾ ਹੌਲੀ-ਹੌਲੀ ਅਪਣੀ ਸਥਿਤੀ ਵਿਚ ਆ ਜਾਂਦੀ ਹੈ।

# ਟਿੰਡੇ ਖਾਣ ਨਾਲ ਪਾਚਨ ਤੰਤਰ ਹੁੰਦਾ ਹੈ ਮਜ਼ਬੂਤ



ਗਰਮੀਆਂ ਵਿਚ ਟਿੰਡਾ, ਲੌਕੀ, ਘੀਆ ਆਦਿ ਸਬਜ਼ੀਆਂ ਸੱਭ ਤੋਂ ਜ਼ਿਆਦਾ ਮਿਲਦੀਆਂ ਹਨ। ਗੱਲ ਟਿੰਡੇ ਦੀ ਕਰੀਏ ਤਾਂ ਇਸ ਨੂੰ ਬੱਚੇ ਹੋਣ ਜਾਂ ਵੱਡੇ ਜ਼ਿਆਦਾਤਰ ਖਾਣਾ ਪਸੰਦ ਨਹੀਂ ਕਰਦੇ। ਪਰ ਇਸ ਵਿਚ ਪੌਸ਼ਟਕ ਅਤੇ ਐਂਟੀ-ਆਕਸੀਡੈਂਟ ਗੁਣ ਹੁੰਦੇ ਹਨ। ਇਸ ਦਾ ਸੇਵਨ ਕਰਨਾ ਪਾਚਨ ਤੰਤਰ ਮਜ਼ਬੂਤ ਹੁੰਦਾ ਹੈ ਤੇ ਵਧੀਆ ਵਿਕਾਸ ਹੋਣ ਵਿਚ ਸਹਾਇਤਾ ਮਿਲਦੀ ਹੈ। ਨਾਲ ਹੀ ਇਸ ਵਿਚ 94 ਫ਼ੀਸਦੀ ਪਾਣੀ ਹੋਣ ਨਾਲ ਡੀਹਾਈਡਰੇਸ਼ਨ ਦੀ ਸਮੱਸਿਆ ਤੋਂ ਬਚਾਅ ਹੁੰਦਾ ਹੈ। ਇਸ ਵਿਚ ਵਿਟਾਮਿਨ ਏ, ਸੀ, ਕੈਲਸ਼ੀਅਮ, ਆਇਰਨ, ਪੋਟਾਸ਼ੀਅਮ, ਫ਼ਾਈਬਰ, ਓਮੇਗਾ-6 ਫ਼ੈਟੀ ਐਸਿਡ, ਕੈਰੋਟੀਨੋਇਡਜ਼, ਐਂਟੀ-ਆਕਸੀਡੈਂਟਸ, ਐਂਟੀ-ਬੈਕਟੀਰੀਅਲ ਗੁਣ ਹੁੰਦੇ ਹਨ।

ਇਸ ਵਿਚ ਕੈਲੋਰੀ ਘੱਟ ਅਤੇ ਫ਼ਾਈਬਰ ਜ਼ਿਆਦਾ ਹੁੰਦਾ ਹੈ। ਅਜਿਹੇ ਵਿਚ ਟਿੰਡਾ ਸਰੀਰ 'ਚ ਸ਼ੱਕਰ ਨੂੰ ਜਜ਼ਬ ਕਰ ਕੇ ਸ਼ੂਗਰ ਨੂੰ ਕੰਟਰੋਲ ਕਰਨ ਵਿਚ ਸਹਾਇਤਾ ਕਰਦਾ ਹੈ। ਮਾਹਰਾਂ ਅਨੁਸਾਰ ਇਸ ਦੇ ਛਿਲਕਿਆਂ ਵਿਚ ਮੌਜੂਦ ਫ਼ੋਟੋਕੈਮੀਕਲ ਸ਼ੂਗਰ ਲੈਵਲ ਨੂੰ ਕੰਟਰੋਲ ਕਰਨ 'ਚ ਮਦਦ ਕਰਦੇ ਹਨ। ਇਹ ਸਰੀਰ 'ਚ ਮੌਜੂਦ ਗੰਦਗੀ ਨੂੰ ਬਾਹਰ ਕੱਢਣ ਵਿਚ ਮਦਦ ਕਰਦਾ ਹੈ। ਅਜਿਹੇ ਵਿਚ ਕਿਡਨੀ ਸਿਹਤਮੰਦ ਰਹਿਣ ਨਾਲ ਪੱਥਰੀ ਦੀ ਸਮੱਸਿਆ ਤੋਂ ਬਚਾਅ ਰਹਿੰਦਾ ਹੈ। ਇਸ ਵਿਚ ਐਂਟੀ-ਆਕਸੀਡੈਂਟ, ਐਂਟੀ-ਬੈਕਟਰੀਅਲ ਗੁਣ ਹੁੰਦੇ ਹਨ ਜਿਸ ਨਾਲ ਸਰੀਰ ਦਾ ਫ਼੍ਰੀ ਰੈਡੀਕਲਜ਼ ਤੋਂ ਬਚਾਅ ਹੁੰਦਾ ਹੈ। ਇਹ ਕੈਂਸਰ ਸੈੱਲਾਂ ਨੂੰ ਸਰੀਰ ਵਿਚ ਵਧਣ ਤੋਂ ਰੋਕਦਾ ਹੈ। ਖ਼ਾਸਕਰ ਮਰਦਾਂ ਵਿਚ ਹੋਣ ਵਾਲਾ ਪ੍ਰੋਸਟੇਟ ਕੈਂਸਰ ਤੋਂ ਬਚਾਅ ਰਹਿੰਦਾ ਹੈ।

ਟਿੰਡੇ ਵਿਚ ਫ਼ਾਈਬਰ ਦੀ ਮਾਤਰਾ ਜ਼ਿਆਦਾ ਅਤੇ ਕੈਲੋਰੀ ਘੱਟ ਹੁੰਦੀ ਹੈ। ਅਜਿਹੇ ਵਿਚ ਭੁੱਖ ਲੰਮੇ ਸਮੇਂ ਤਕ ਸ਼ਾਂਤ ਰਹਿੰਦੀ ਹੈ ਤੇ ਭਾਰ ਕੰਟਰੋਲ ਰਹਿੰਦਾ ਹੈ। ਗੁਣਾਂ ਨਾਲ ਭਰਪੂਰ ਟਿੰਡਾ ਪਾਚਨ ਤੰਤਰ ਨੂੰ ਮਜ਼ਬੂਤ ਬਣਾਉਂਦਾ ਹੈ। ਇਸ ਵਿਚ ਪਾਣੀ ਦੀ ਜ਼ਿਆਦਾ ਮਾਤਰਾ ਹੋਣ ਨਾਲ ਸਰੀਰ ਡੀਟੌਕਸੀਫ਼ਾਈ ਹੁੰਦਾ ਹੈ। ਮੈਟਾਬੋਲਿਜ਼ਮ ਤੇਜ਼ ਹੋਣ ਨਾਲ ਗੈਸ, ਐਸਿਡਿਟੀ, ਕਬਜ਼ ਆਦਿ ਪੇਟ ਦੀਆਂ ਸਮੱਸਿਆਵਾਂ ਤੋਂ ਛੁਟਕਾਰਾ ਮਿਲਦਾ ਹੈ। ਇਸ ਵਿਚ ਗਲੋਬੂਲਿਨ ਨਾਮਕ ਪ੍ਰੋਟੀਨ ਇਮਿਊਨਿਟੀ ਵਧਾਉਣ ਵਿਚ ਮਦਦ ਕਰਦਾ ਹੈ। ਇਹ ਪ੍ਰੋਟੀਨ ਮੁੱਖ ਤੌਰ 'ਤੇ ਖ਼ੂਨ ਵਿਚ ਹੁੰਦਾ ਹੈ। ਅਜਿਹੇ ਵਿਚ ਟਿੰਡੇ ਦਾ ਸੇਵਨ ਮੌਸਮੀ ਅਤੇ ਹੋਰ ਬੀਮਾਰੀਆਂ ਤੋਂ ਬਚਾਉਂਦਾ ਹੈ।


ICBC c.a.r. shop VALET
Accredited Collision Repairs & Valet Service

ICBC Glass EXPRESS

STAR AUTOBODY



SPECIALIZE
• All vehicles any make or model
• Commercial Trucks, any make or model

CERTIFIED
• ICBC CARSHOP Valet Express Shop with certified technicians and equipment
• ICBC Glass Express
• Private Insurance Companies

*We handle private insurance claims:*
family INSURANCE | intact INSURANCE | canadian direct insurance | economical INSURANCE | CNS | RSA

604-597-5151
*8277-124th St., Surrey, BC V3W 9G2*
*Ph: 604-597-5151 / Fax: 604-597-5195*
*www.startautobody.net*

SERVICE
Open Monday-Saturday - 8 am to 6 pm
• Courtesy Cars
• Vehicle pick-up and drop-off

# ਪੰਜਾਬ 'ਚ ਹੜ੍ਹ ਕੁਦਰਤੀ ਕਰੋਪੀ ਜਾਂ ਸਰਕਾਰਾਂ ਦੀਆਂ ਨਕਾਮੀਆਂ?



ਸੰਨ 1947 ਤੋਂ ਬਾਅਦ ਪੰਜਾਬ 'ਚ ਹਰ ਦੂਜੇ-ਚੌਥੇ ਸਾਲ ਹੜ੍ਹ ਆਉਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਹੜ੍ਹ ਆਉਂਦੇ ਹਨ, ਸਭ ਕੁਝ ਰੋੜ੍ਹ ਕੇ ਲੈ ਜਾਂਦੇ ਹਨ। ਲੋਕਾਂ ਦੀਆਂ ਫ਼ਸਲਾਂ, ਘਰ-ਘਾਟ ਆਦਿ ਸਭ ਫਨਾਹ ਕਰ ਜਾਂਦੇ ਹਨ। ਸਰਕਾਰਾਂ ਹੜ੍ਹ ਪੀੜਤਾਂ ਨੂੰ ਭਰੋਸੇ ਦੇਂਦੀਆਂ ਹਨ, ਨੇਤਾ ਤੇ ਮੰਤਰੀ ਹੜ੍ਹ ਪੀੜਤ ਖੇਤਰਾਂ ਦੇ ਤੂਫ਼ਾਨੀ ਦੌਰੇ ਕਰਦੇ ਹਨ, ਮੀਡੀਆ ਤੇ ਸੋਸ਼ਲ ਮੀਡੀਆ ਵਿਚ ਖ਼ਬਰਾਂ, ਫੋਟੋਆਂ ਤੇ ਵੀਡੀਓ ਕਲਿੱਪਾਂ ਪਾ ਕੇ ਲੋਕਾਂ ਨੂੰ ਭਰਮਾਉਂਦੇ ਹਨ ਤੇ ਫਿਰ ਢਾਕ ਕੇ 'ਪਰਨਾਲਾ ਉਥੇ ਦਾ ਉਥੇ' ਜਾਂ 'ਗੱਲਾਂ ਦਾ ਕੜਾਹ' ਵਾਲੀ ਗੱਲ ਹੋ ਜਾਂਦੀ ਹੈ।

ਸੰਨ 1955, 1988, 1993, 1995 ਤੇ 2023 ਵਿਚ ਹੜ੍ਹਾਂ ਦਾ ਜੋ ਪ੍ਰਕੋਪ ਦੇਖਿਆ ਸੀ, ਹੁਣ ਵਾਲਾ ਅਗਲੇ-ਪਿਛਲੇ ਸਾਰੇ ਰਿਕਾਰਡ ਤੋੜ ਗਿਆ ਹੈ। ਪੰਜਾਬ ਵਿਚ ਜਿੱਧਰ ਨਜ਼ਰ ਮਾਰੋ, ਪਾਣੀ ਹੀ ਪਾਣੀ ਨਜ਼ਰ ਆਉਂਦਾ ਹੈ। ਲਗਪਗ 50 ਅਨਮੋਲ ਜਾਨਾਂ ਇਸ ਹੜ੍ਹ ਦੀ ਭੇਟ ਚੜ੍ਹ ਚੁੱਕੀਆਂ ਹਨ। ਕਰੋੜਾਂ ਦਾ ਮਾਲੀ ਨੁਕਸਾਨ ਹੋ ਚੁੱਕਾ ਹੈ। ਦੱਸਿਆ ਜਾ ਰਿਹਾ ਹੈ ਕਿ ਪੰਜਾਬ ਦੇ ਲਗਪਗ 1500 ਪਿੰਡ ਸਤਲੁਜ, ਬਿਆਸ ਤੇ ਰਾਵੀ ਦਰਿਆਵਾਂ ਵਿਚਲੇ ਡੈਮਾਂ ਤੋਂ ਛੱਡੇ ਗਏ ਬੇਤਹਾਸ਼ਾ ਪਾਣੀ ਕਾਰਨ ਪੂਰੀ ਤਰ੍ਹਾਂ ਜਲ ਮਗਨ ਹੋ ਗਏ ਹਨ।

ਪੰਜਾਬ ਦੇ ਬਹੁਤ ਸਾਰੇ ਕਲਾਕਾਰ, ਜਿਹਨਾਂ ਵਿਚ ਦਿਲਜੀਤ ਦੁਸਾਂਝ, ਐਮੀ ਵਿਰਕ, ਬੱਬੂ ਮਾਨ, ਕਪਿਲ ਸ਼ਰਮਾ, ਸੋਨੂੰ ਸੂਦ, ਸੋਨੀਆ ਮਾਨ, ਸੁਨੰਦਾ ਸ਼ਰਮਾ, ਇੰਦਰਜੀਤ ਨਿੱਕੂ, ਗੁਰਪਰੀਤ ਘੁੱਗੀ ਆਦਿ ਦੇ ਨਾਮ ਜਿਕਰਯੋਗ ਹਨ ਜੋ ਇਸ ਔਖੀ ਘੜੀ 'ਚ ਹੜ੍ਹ ਪੀੜਤਾਂ ਨਾਲ ਦੁੱਖ ਵੰਡਾਉਣ ਲਈ ਮੋਢੇ ਨਾਲ ਮੋਢਾ ਡਾਹ ਕੇ ਖੜ੍ਹੇ ਹੋਏ ਹਨ। ਇਸ ਅਤਿ ਦੀ ਔਖੀ ਘੜੀ 'ਚ ਹੜ੍ਹ ਪੀੜਤਾਂ ਨਾਲ ਖਾਲਸਾ ਏਡ, ਐੱਸਪੀਐੱਸ ਓਬਰਾਏ, ਸਲਮਾਨ ਖ਼ਾਨ, ਐਕਟਰ ਰਜ਼ਾ ਮੁਰਾਦ ਤੇ ਰਾਜ ਕੁੰਦਰਾ ਨੇ ਵੀ ਹਰ ਪੱਖੋਂ ਵੱਡੀ ਮਦਦ ਕਰਨ ਦਾ ਐਲਾਨ ਕੀਤਾ ਹੈ।

ਪਿਛਲੇ ਕਈ ਅਰਸਿਆਂ ਤੋਂ ਇਹ ਉਕਤ ਵਰਤਾਰਾ ਇਸੇ ਤਰਾਂ ਚੱਲਦਿਆਂ ਦੇਖ ਕੇ ਹਰ ਪੰਜਾਬੀ ਦੇ ਮਨ 'ਚ ਇਹ ਸਵਾਲ ਉੱਠ ਰਿਹਾ ਹੈ ਕਿ ਕੀ ਇਹ ਵਾਕਈ ਕੁਦਰਤੀ ਕਰੋਪੀ ਵਾਲੇ ਹੜ੍ਹ ਹਨ ਜਾਂ ਇਨ੍ਹਾਂ ਪਿੱਛੇ ਪੰਜਾਬ ਨੂੰ ਬਰਬਾਦ ਕਰਨ ਦੀ ਕੋਈ ਸਾਜ਼ਿਸ਼ ਹੈ? ਜੇਕਰ ਡੈਮਾਂ ਵਿੱਚੋਂ ਪਾਣੀ ਦਾ ਵਹਾਅ ਇਕ ਸੈੱਟ ਲੈਵਲ ਮੁਤਾਬਕ ਨਿਰੰਤਰ ਜਾਰੀ ਰੱਖਿਆ ਜਾਵੇ ਤਾਂ ਹੜ੍ਹਾਂ ਦੀ ਨੌਬਤ ਬਹੁਤ ਘੱਟ ਆਵੇਗੀ ਪਰ ਜੇ ਡੈਮਾਂ ਵਿਚ ਪਾਣੀ ਪਹਿਲਾਂ ਉੱਪਰਲੇ ਲੈਵਲ ਤੱਕ ਸਟੋਰ ਕਰ ਲਿਆ ਜਾਵੇ ਤੇ ਫਿਰ ਇਕਦਮ ਫਲੱਡ ਗੇਟ ਖੋਲ੍ਹ ਦਿੱਤੇ ਜਾਣ ਤਾਂ ਫਿਰ ਜੋ ਹਾਲਾਤ ਪੰਜਾਬ ਵਿਚ ਇਸ ਵੇਲੇ ਬਣੇ ਹੋਏ ਹਨ, ਉਨ੍ਹਾਂ ਦਾ ਹੋਣਾ ਕਦਾਚਿਤ ਵੀ ਕੁਦਰਤੀ ਵਰਤਾਰਾ ਹੋਣ ਦੀ ਬਜਾਏ ਸਿਆਸੀਤੰਤਰ ਦੀ ਬਦਇੰਤਜ਼ਾਮੀ ਕਹਿਣਾ ਸੌ ਫ਼ੀਸਦੀ ਬਿਹਤਰ ਹੋਵੇਗਾ।

ਪੰਜਾਬ ਵਿਚ ਇਸ ਵੇਲੇ ਹਰ ਪਾਸੇ ਸੜਕਾਂ ਦਾ ਜਾਲ ਵਿਛ ਚੁੱਕਾ ਹੈ। ਖੇਤੀ ਦਾ ਬਹੁਤ ਵੱਡਾ ਰਕਬਾ ਕਾਲੋਨੀਆਂ ਦੇ ਹੇਠਾਂ ਆ ਚੁੱਕਾ ਹੈ। ਝੋਨੇ ਵਰਗੀ ਫ਼ਸਲ ਨੇ ਧਰਤੀ ਦੀ ਜੀਰਨ ਸਮਰੱਥਾ ਬਾਂਝ ਕਰ ਦਿੱਤੀ ਹੈ। ਜੰਗਲਾਂ ਦਾ ਉਜਾੜਾ ਬੇਤਹਾਸ਼ਾ ਹੋ ਚੁੱਕਾ ਹੈ। ਹਿਮਾਚਲ 'ਚ ਬਿਨਾਂ ਕਿਸੇ ਪਲਾਨਿੰਗ ਦੇ ਉਸਾਰੀਆਂ ਵੱਡੀਆਂ ਇਮਾਰਤਾਂ ਤੇ ਹੋਟਲ ਵਗੈਰਾ ਪਹਾੜਾਂ ਦੇ ਖਿਸਕਣ ਦੀ ਵਜ੍ਹਾ ਬਣ ਕੇ ਵੱਡੀ ਤਬਾਹੀ ਵਜੋਂ ਸਾਹਮਣੇ ਆ ਰਹੇ ਹਨ।

ਪੂਰੇ ਪੰਜਾਬ ਵਿਚ ਇਕ-ਦੋ ਇਲਾਕਿਆਂ ਨੂੰ ਛੱਡ ਕੇ ਜੰਗਲ ਕਿੱਥੇ ਰਹਿ ਗਏ ਹਨ? ਮੈਨੂੰ ਤਾਂ ਲੱਗਦਾ ਹੈ ਕਿ ਪੰਜਾਬ ਸਰਕਾਰ ਨੇ ਜੰਗਲਾਤ ਮਹਿਕਮਾ ਵੀ ਬੰਦ ਕਰ ਦਿੱਤਾ ਹੋਵੇਗਾ। ਜੇਕਰ ਅਜਿਹਾ ਨਹੀਂ ਕੀਤਾ ਤਾਂ ਫਿਰ ਇਹ ਲੰਗੜਾ-ਲੂਲਾ ਤੇ ਸਹਿਕਦਾ ਤਾਂ ਜ਼ਰੂਰ ਹੀ ਹੋਵੇਗਾ। ਜੰਗਲ ਜਾਂ ਬੀੜ ਹੜ੍ਹਾਂ ਨੂੰ ਰੋਕਣ ਵਾਸਤੇ ਕਾਫ਼ੀ ਸਹਾਈ ਹੁੰਦੇ ਸਨ ਪਰ ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਗ਼ਲਤੀ ਕੋਈ ਹੋਰ ਕਰੇ ਤੇ ਉਸ ਦਾ ਖ਼ਮਿਆਜ਼ਾ ਅਸੀਂ ਸਾਰੇ ਭੁਗਤ ਰਹੇ ਹਾਂ।

ਜਿੱਥੋਂ ਤੱਕ ਪੰਜਾਬ ਸਰਕਾਰ ਦੀ ਗੱਲ ਹੈ ਤਾਂ ਕਹਿ ਸਕਦੇ ਹਾਂ ਕਿ ਆਏ ਸਾਲ ਹੜ੍ਹਾਂ ਦੇ ਇਸ ਪ੍ਰਕੋਪ ਵਾਸਤੇ ਉਹ ਵੀ ਜ਼ਿੰਮੇਵਾਰ ਹੈ। ਦਰਿਆਵਾਂ, ਨਹਿਰਾਂ, ਨਾਲਿਆਂ, ਚੋਆਂ ਤੇ ਸਾਇਫਨਾਂ ਦੀ ਬਰਸਾਤ ਸ਼ੁਰੂ ਹੋਣ ਤੋਂ ਪਹਿਲਾਂ ਸਾਫ਼-ਸਫ਼ਾਈ ਦਾ ਜ਼ਿੰਮਾ ਰਾਜ ਸਰਕਾਰ ਦਾ ਹੁੰਦਾ ਹੈ।

ਜੇ ਇਹ ਕਾਰਜ ਵੇਲੇ ਸਿਰ ਕਰ ਲਿਆ ਜਾਵੇ ਤਾਂ ਇਸ ਤਰ੍ਹਾਂ ਕਰਨ ਨਾਲ ਪਾਣੀ ਦਾ ਵਹਾਅ ਆਪਣਾ ਨਵਾਂ ਰਸਤਾ ਬਣਾ ਕੇ ਤਬਾਹੀ ਮਚਾਉਣ ਦੀ ਬਜਾਏ ਬੇਰੋਕ ਅਗਾਂਹ ਨਿਕਲ ਜਾਂਦਾ ਹੈ ਇਸ ਸਬੰਧੀ ਜੇ ਫੰਡ ਰਾਖਵੇਂ ਰੱਖੇ ਗਏ ਹੁੰਦੇ ਤੇ ਉਨ੍ਹਾਂ ਦੀ ਸਹੀ ਵਰਤੋਂ ਕੀਤੀ ਜਾਂਦੀ ਤਾਂ ਪੰਜਾਬ ਕਾਫ਼ੀ ਹੱਦ ਤੱਕ ਹੜ੍ਹਾਂ ਤੋਂ ਬਚ ਸਕਦਾ ਸੀ।

ਸਰਕਾਰ ਨੂੰ ਵੀ ਚਾਹੀਦਾ ਹੈ ਕਿ ਹੜ੍ਹਾਂ ਦੇ ਪਾਣੀ ਨੂੰ ਬਰਸਾਤ ਤੋਂ ਬਾਅਦ ਵਰਤਣ ਵਾਸਤੇ ਸਟੋਰ ਕਰਨ ਦੀ ਕੋਈ ਯੋਜਨਾ ਤਿਆਰ ਕਰੇ। ਇਸ ਤਰ੍ਹਾਂ ਕਰਨ ਨਾਲ ਜਿੱਥੇ ਹੜ੍ਹਾਂ ਦੀ ਰੋਕਥਾਮ ਵਿਚ ਮਦਦ ਮਿਲੇਗੀ, ਇਸ ਦੇ ਨਾਲ ਹੀ ਗਰਮੀਆਂ ਦੀ ਰੁੱਤ ਵਿਚ ਪਾਣੀ ਦੀ ਕਿੱਲਤ ਸਮੇਂ ਉਹ ਜਮ੍ਹਾ ਕੀਤਾ ਹੋਇਆ ਪਾਣੀ ਵਰਤਿਆ ਜਾ ਸਕਦਾ ਹੈ। ਜਿੰਨੀ ਵਾਰ ਵੀ ਪੰਜਾਬੀਆਂ ਉੱਤੇ ਕੋਈ ਆਫ਼ਤ ਆਈ ਹੈ, ਓਨੀ ਵਾਰ ਹੀ ਉਨ੍ਹਾਂ ਨੇ ਉਸ ਮੁਸ਼ਕਲ ਦਾ ਮੁਕਾਬਲਾ ਖ਼ੁਦ ਹੀ ਕੀਤਾ ਹੈ। ਸਾਨੂੰ ਆਪਣੀ ਕੀਤੀ ਨੇਕੀ ਦੇ ਇਵਜ਼ ਵਿਚ ਕਿਸੇ ਤੋਂ ਕੋਈ ਆਸ ਰੱਖਣ ਦੀ ਬਜਾਏ ਆਪਣੇ ਵਿਰਸੇ ਨਾਲ ਜੁੜ ਕੇ ਆਪਣੇ ਸੰਸਕਾਰਾਂ ਮੁਤਾਬਕ ਅੱਗੇ ਵਧਦੇ ਰਹਿਣਾ ਚਾਹੀਦਾ ਹੈ ਤੇ ਅਜਿਹਾ ਕਰਦੇ ਹੋਏ ਹੁਣ ਭਵਿੱਖ 'ਚ ਆਪਣੇ ਹਿੱਤ ਸਭ ਤੋਂ ਪਹਿਲਾਂ ਸੁਰੱਖਿਅਤ ਕਰਨ ਦੀ ਆਦਤ ਵੀ ਪਾ ਲੈਣੀ ਚਾਹੀਦੀ ਹੈ। ਇਸ ਵੇਲੇ ਪੰਜਾਬ ਦੇ ਹਾਲਾਤ ਬਹੁਤ ਚਿੰਤਾਜਨਕ ਹਨ।

ਬੇਸ਼ੱਕ ਇਨ੍ਹਾਂ ਹਾਲਤਾਂ ਉੱਤੇ ਅਸੀਂ ਪੰਜਾਬੀ ਰਲ-ਮਿਲ ਕੇ ਸਮੇਂ-ਸਮੇਂ 'ਤੇ ਆਈਆਂ ਪਹਿਲੀਆਂ ਆਫ਼ਤਾਂ ਵਾਂਗ ਹੀ ਕਾਬੂ ਪਾ ਲਵਾਂਗੇ ਪਰ ਇਸ ਤੋਂ ਸਬਕ ਸਿੱਖ ਕੇ ਭਵਿੱਖ ਵਿਚ ਇਹ ਵੀ ਯਕੀਨੀ ਬਣਾਉਣਾ ਹੋਵੇਗਾ ਕਿ ਹਰ ਦੂਜੇ-ਤੀਜੇ ਸਾਲ ਇਹ ਵਰਤਾਰਾ ਮੁੜ-ਮੁੜ ਕੇ ਨਾ ਵਾਪਰੇ।

**ਪ੍ਰੋ. ਸ਼ਿੰਗਾਰਾ ਸਿੰਘ ਢਿੱਲੋਂ**



# ਬੀ.ਸੀ. ’ਚ ਸ਼ਰਾਬ ਪੀ ਕੇ ਗੱਡੀ ਚਲਾਉਣ ਵਾਲਿਆਂ ਦੀ ਖੈਰ ਨਹੀਂ, 600 ਸ਼ਰਾਬੀ ਡਰਾਈਵਰ ਫੜੇ



**ਵੈਨਕੂਵਰ** : ਕੈਨੇਡਾ-ਅਮਰੀਕਾ ਵਿਚ ਡਰਾਈਵਿੰਗ ਬਾਰੇ ਛਿੜੀ ਬਹਿਸ ਦਰਮਿਆਨ ਸ਼ਰਾਬ ਪੀ ਕੇ ਗੱਡੀ ਚਲਾਉਂਦੇ 626 ਡਰਾਈਵਰਾਂ ਦੇ ਚਲਾਨ ਬੀ.ਸੀ. ਹਾਈਵੇਅ ਪੈਟਰੋਲ ਵਾਲਿਆਂ ਨੇ ਕੱਟ ਦਿਤੇ। ਸਿਰਫ਼ ਐਨਾ ਹੀ ਨਹੀਂ ਤੇਜ਼ ਰਫ਼ਤਾਰ ਗੱਡੀ ਚਲਾਉਣ ਵਾਲਿਆਂ ਨੂੰ 2,500 ਡਾਲਰ ਤੱਕ ਦੇ ਜੁਰਮਾਨੇ ਕੀਤੇ ਜਾਣ ਦੀ ਰਿਪੋਰਟ ਹੈ। ਬੀ.ਸੀ. ਹਾਈਵੇਅ ਪੈਟਰੋਲ ਦੇ ਅਪ੍ਰੇਸ਼ਨਜ਼ ਅਫ਼ਸਰ ਮਾਈਕ ਕੌਇਲ ਨੇ ਦੱਸਿਆ ਕਿ ਸਮਰ ਇੰਪੇਅਰਡ ਡਰਾਈਵਿੰਗ ਕੈਂਪੇਨ ਦੌਰਾਨ ਉਤਰੀ ਬੀ.ਸੀ. ਵਿਚ 146, ਮੈਟਰੋ ਵੈਨਕੂਵਰ, ਸੀਅ ਟੂ ਸਕਾਇ ਅਤੇ ਈਸਟ੍ਰਨ ਫਰੇਜ਼ਰ ਵੈਲੀ ਵਿਚ 150, ਵੈਨਕੂਵਰ ਆਇਲੈਂਡ ਵਿਖੇ 131, ਸੈਂਟਰਲ ਬੀ.ਸੀ. ਵਿਚ 111 ਅਤੇ ਕੂਟਨੇਅ ਰੀਜਨ ਵਿਚ 88 ਜਣਿਆਂ ਨੂੰ ਸ਼ਰਾਬ ਜਾਂ ਹੋਰ ਨਸ਼ਿਆਂ ਦੀ ਹਾਲਤ ਵਿਚ ਗੱਡੀ ਚਲਾਉਂਦਿਆਂ ਫੜਿਆ ਗਿਆ। ਕੌਇਲ ਦਾ ਕਹਿਣਾ ਸੀ ਕਿ ਨਸ਼ੇ ਦੀ ਹਾਲਤ ਵਿਚ ਗੱਡੀ ਚਲਾਉਂਦਿਆਂ ਅਕਸਰ ਵੱਡੇ ਹਾਦਸੇ ਵਾਪਰਦੇ ਹਨ ਅਤੇ ਜਾਨੀ ਨੁਕਸਾਨ ਹੁੰਦਾ ਹੈ।

**ਹਾਈਵੇਅ ਪੈਟਰੋਲ ਦੀ ਵੱਡੀ ਕਾਰਵਾਈ**

ਇੰਪੇਅਰਡ ਡਰਾਈਵਿੰਗ ਕਰਨ ਵਾਲਿਆਂ ਨੂੰ ਕਿਸੇ ਦੀ ਜਾਨ ਲੈਣ ਦੀ ਇਜਾਜ਼ਤ ਨਹੀਂ ਦਿਤੀ ਜਾ ਸਕਦੀ। ਕੈਨੇਡਾ ਦੇ ਹਰ ਹਿੱਸੇ ਵਿਚ ਸ਼ਰਾਬ ਪੀ ਕੇ ਗੱਡੀ ਚਲਾਉਣ ਵਾਲਿਆਂ ਦੀ ਨਕੇਲ ਕਸੀ ਜਾ ਰਹੀ ਹੈ ਪਰ ਬੀ.ਸੀ. ਦੇ ਕੂਟਨੇਜ਼ ਵਿਖੇ ਇਹ ਸਮੱਸਿਆ ਜ਼ਿਆਦਾ ਹੀ ਉਭਰ ਕੇ ਸਾਹਮਣੇ ਆਈ ਹੈ। ਬੀ.ਸੀ. ਦੇ ਪੇਂਡੂ ਇਲਾਕਿਆਂ ਵਿਚ ਲੋਕਾਂ ਨੂੰ ਵਧੇਰੇ ਜ਼ਿੰਮੇਵਾਰੀ ਨਾਲ ਗੱਡੀ ਚਲਾਉਣ ਵੱਲ ਧਿਆਨ ਕੇਂਦਰਤ ਕਰਨਾ ਹੋਵੇਗਾ। ਦੱਸ ਦੇਈਏ ਕਿ ਬੀ.ਸੀ. ਹਾਈਵੇਅ ਪੈਟਰੋਲ ਵੱਲੋਂ ਪੂਰੇ ਸੂਬੇ ਵਿਚ ਮੈਂਡੇਟਰੀ ਐਲਕੌਹਲ ਸਕ੍ਰੀਨਿੰਗ ਲਾਗੂ ਕੀਤੀ ਗਈ ਹੈ ਜਿਸ ਰਾਹੀਂ ਨਾਕੇ ’ਤੇ ਰੋਕੇ ਡਰਾਈਵਰਾਂ ਦੇ ਸਾਹ ਦਾ ਨਮੂਨਾ ਲੈਣ ਦਾ ਹੱਕ ਪੁਲਿਸ ਅਫ਼ਸਰਾਂ ਨੂੰ ਮਿਲ ਜਾਂਦਾ ਹੈ। ਮਾਈਕ ਕੌਇਲ ਨੇ ਡਰਾਈਵਰਾਂ ਨੂੰ ਸੁਚੇਤ ਕੀਤਾ ਕਿ ਸੂਬੇ ਵਿਚ ਕਿਸੇ ਵੀ ਜਗ੍ਹਾ ’ਤੇ ਰੋਕ ਕੇ ਸਾਹ ਦਾ ਨਮੂਨਾ ਚੈਕ ਕੀਤਾ ਜਾ ਸਕਦਾ ਹੈ ਅਤੇ ਸ਼ਰਾਬ ਇਲਾਵਾ ਕੋਈ ਨਸ਼ਾ ਕਰ ਕੇ ਡਰਾਈਵਿੰਗ ਕਰਨ ਵਾਲਿਆਂ ਦਾ ਚੋਰ ਫੜਨ ਦੇ ਵੱਖ ਵੱਖ ਸਾਧਨ ਪੁਲਿਸ ਕੋਲ ਮੌਜੂਦ ਹਨ। ਵੈਨਕੂਵਰ ਆਇਲੈਂਡ ਵਿਖੇ ਅਗਸਤ ਮਹੀਨੇ ਦੌਰਾਨ ਮੈਂਡੇਟਰੀ ਐਲਕੌਹਲ ਸਕ੍ਰੀਨਿੰਗ ਵੱਡੇ ਪੱਧਰ ’ਤੇ ਵਰਤੀ ਗਈ।

**ਤੇਜ਼ ਰਫ਼ਤਾਰ ਗੱਡੀ ਚਲਾਉਣ ਵਾਲਿਆਂ ਨੂੰ ਮੋਟੇ ਜੁਰਮਾਨੇ:**

ਈਸਟ ਕੂਟਨੇਜ਼ ਵਿਖੇ ਹਾਈਵੇਅ ਪੈਟਰੋਲ ਵੱਲੋਂ 1,500 ਤੋਂ ਵੱਧ ਡਰਾਈਵਰਾਂ ਨੂੰ ਰੋਕਿਆ ਗਿਆ ਅਤੇ ਸ਼ਰਾਬ ਪੀ ਕੇ ਗੱਡੀ ਚਲਾਉਣ ਵਾਲਿਆਂ ਨੂੰ ਤਿੰਨ ਦਿਨ ਦੀ ਡਰਾਈਵਿੰਗ ਸਸਪੈਨਸ਼ਨ ਸਣੇ ਬੀ.ਸੀ. ਮੋਟਰ ਵ੍ਹੀਕਲ ਐਕਟ ਅਧੀਨ 368 ਡਾਲਰ ਜੁਰਮਾਨਾ ਕੀਤਾ ਗਿਆ। ਇਸ ਤੋਂ ਇਲਾਵਾ ਸੱਤ ਦਿਨ ਵਾਸਤੇ ਗੱਡੀਆਂ ਵੀ ਜ਼ਬਤ ਕੀਤੀਆਂ ਗਈਆਂ। ਬੀ.ਸੀ. ਹਾਈਵੇਅ ਪੈਟਰੋਲ ਦਾ ਕਹਿਣਾ ਹੈ ਕਿ ਸੜਕਾਂ ’ਤੇ ਵਾਪਰਦੇ ਹਾਦਸਿਆਂ ਦੇ ਸਭ ਤੋਂ ਵੱਡੇ ਕਾਰਨਾਂ ਵਿਚ ਤੇਜ਼ ਰਫ਼ਤਾਰ ਅਤੇ ਸ਼ਰਾਬ ਪੀ ਕੇ ਗੱਡੀ ਚਲਾਉਣ ਸ਼ਾਮਲ ਹਨ ਜਦਕਿ ਡਰਾਈਵਿੰਗ ਦੌਰਾਨ ਮੋਬਾਈਲ ਜਾਂ ਕਿਸੇ ਹੋਰ ਚੀਜ਼ ਦੀ ਵਰਤੋਂ ਵੀ ਜਾਨਲੇਵਾ ਹਾਦਸਿਆਂ ਦਾ ਕਾਰਨ ਬਣਦੀ ਹੈ।



# ਪੰਜਾਬ 'ਚ ਹੜ੍ਹਾਂ ਦੀ ਸਥਿਤੀ 'ਚ ਆਇਆ ਸੁਧਾਰ

ਪੰਜਾਬ 'ਚ ਹੜ੍ਹਾਂ ਦੀ ਸਥਿਤੀ 'ਚ ਸੁਧਾਰ ਦੇਖਣ ਨੂੰ ਮਿਲਿਆ ਹੈ। ਡੈਮਾਂ ਤੇ ਦਰਿਆਵਾਂ 'ਚ ਪਾਣੀ ਦਾ ਪੱਧਰ ਲਗਾਤਾਰ ਘੱਟ ਰਿਹਾ ਹੈ ਜਦੋਂ ਕਿ ਘੱਗਰ ਦਾ ਖ਼ਤਰਾ ਹਾਲੇ ਵੀ ਬਰਕਰਾਰ ਹੈ। ਮੌਸਮ ਵਿਭਾਗ ਨੇ ਕੋਈ ਅਲਰਟ ਜਾਰੀ ਨਹੀਂ ਕੀਤਾ ਹੈ ਪਰ ਜੇ ਆਉਂਦੇ ਦਿਨਾਂ 'ਚ ਮੀਂਹ ਨਾ ਪਿਆ ਤਾਂ ਹੜ੍ਹ ਪ੍ਰਭਾਵਿਤ ਖੇਤਰਾਂ 'ਚ ਜ਼ਿੰਦਗੀ ਮੁੜ ਲੀਹ 'ਤੇ ਆਉਣੀ ਸ਼ੁਰੂ ਹੋ ਜਾਵੇਗੀ। ਪਿਛਲੇ ਕੁਝ ਦਿਨਾਂ 'ਚ ਇਹ ਪਹਿਲੀ ਵਾਰ ਹੈ ਜਦੋਂ ਪਾਣੀ ਦੀ ਪਹਾੜਾਂ 'ਚੋਂ ਵੀ ਆਮਦ ਘਟੀ ਹੈ। ਪੰਜਾਬ 'ਚ ਹੁਣ ਤੱਕ ਹੜ੍ਹਾਂ ਤੇ ਮੀਂਹ ਕਾਰਨ 51 ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ ਅਤੇ 3.87 ਲੱਖ ਲੋਕ ਹੜ੍ਹਾਂ ਤੋਂ ਪ੍ਰਭਾਵਿਤ ਹੋਏ ਹਨ। 23015 ਲੋਕਾਂ ਨੂੰ ਪਾਣੀ 'ਚੋਂ ਸੁਰੱਖਿਅਤ ਬਾਹਰ ਕੱਢਿਆ ਗਿਆ ਹੈ। ਹੁਣ ਤੱਕ ਹੜ੍ਹਾਂ ਤੇ ਮੀਂਹ ਨਾਲ 1.84 ਲੱਖ ਹੈਕਟੇਅਰ ਰਕਬਾ ਪ੍ਰਭਾਵਿਤ ਹੋਇਆ ਹੈ। ਪਾਣੀ ਦਾ ਪੱਧਰ ਘਟਣ ਦੇ ਨਾਲ ਹੀ ਬਿਮਾਰੀਆਂ ਦਾ ਖ਼ਤਰਾ ਵਧ ਗਿਆ ਹੈ।



ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਸਥਿਤੀ ਹੁਣ ਕੰਟਰੋਲ ਹੇਠ ਆ ਗਈ ਹੈ ਅਤੇ ਮੌਸਮ ਵਿਭਾਗ ਨੇ ਵੀ ਮੀਂਹ ਦੀ ਕੋਈ ਪੇਸ਼ੀਨਗੋਈ ਨਹੀਂ ਕੀਤੀ ਹੈ। ਪਟਿਆਲਾ ਅਤੇ ਲੁਧਿਆਣਾ ਜ਼ਿਲ੍ਹਿਆਂ 'ਚ ਹਾਲੇ ਪਾਣੀ ਨੇ ਲੋਕਾਂ ਨੂੰ ਭੈਅ ਮੁਕਤ ਨਹੀਂ ਕੀਤਾ ਹੈ। ਜਲ ਸਰੋਤ ਵਿਭਾਗ ਨੇ ਮੂਨਕ ਤੇ ਆਸ ਪਾਸ ਦੇ ਖੇਤਰਾਂ 'ਚ ਘੱਗਰ 'ਤੇ ਦਿਨ-ਰਾਤ ਦੀ ਪੈਟਰੋਲਿੰਗ ਸ਼ੁਰੂ ਕਰ ਦਿੱਤੀ ਹੈ। ਘੱਗਰ 'ਚ ਸਰਦੂਲਗੜ੍ਹ ਨੇੜੇ ਪੰਜ ਹਜ਼ਾਰ ਕਿਊਸਕ ਪਾਣੀ ਘਟ ਗਿਆ ਹੈ। ਟਾਂਗਰੀ ਅਤੇ ਮਾਰਕੰਡਾ ਦਾ ਪਾਣੀ ਹੀ ਘੱਗਰ ਨੂੰ ਸਾਹ ਨਹੀਂ ਲੈਣ ਦੇ ਰਿਹਾ ਹੈ ਜਦੋਂ ਕਿ ਪਹਾੜਾਂ ਤੋਂ ਪਾਣੀ ਘੱਗਰ 'ਚ ਆਉਣਾ ਕਾਫ਼ੀ ਘਟ ਗਿਆ ਹੈ। ਸਤਲੁਜ ਦਾ ਪਾਣੀ ਹਾਲੇ ਤੰਗ ਕਰ ਰਿਹਾ ਹੈ।

## ਮੋਦੀ ਵੱਲੋਂ ਪੰਜਾਬ ਲਈ 1600 ਕਰੋੜ ਰੁਪਏ ਦੀ ਸਹਾਇਤਾ ਦਾ ਐਲਾਨ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੰਜਾਬ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਲਈ 1600 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਮ੍ਰਿਤਕਾਂ ਦੇ ਵਾਰਸਾਂ ਨੂੰ ਦੋ-ਦੋ ਲੱਖ ਰੁਪਏ ਤੇ ਜ਼ਖਮੀਆਂ ਨੂੰ 50-50 ਹਜ਼ਾਰ ਦਾ ਮੁਆਵਜ਼ਾ ਦਿੱਤਾ ਜਾਵੇਗਾ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਪੰਜਾਬ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਹਵਾਈ ਸਰਵੇਖਣ ਕੀਤਾ। ਇਸ ਤੋਂ ਬਾਅਦ ਉਹ ਗੁਰਦਾਸਪੁਰ ਪੁੱਜੇ ਜਿੱਥੇ ਉਨ੍ਹਾਂ ਹੜ੍ਹ ਪੀੜਤਾਂ ਨਾਲ ਮੁਲਾਕਾਤ ਕੀਤੀ। ਸ੍ਰੀ ਮੋਦੀ ਨੇ ਇੱਥੇ ਐਨਡੀਆਰਐਫ ਟੀਮ ਨਾਲ ਵੀ ਮੁਲਾਕਾਤ ਕੀਤੀ। ਇਸ ਤੋਂ ਬਾਅਦ ਸ੍ਰੀ ਮੋਦੀ ਨੇ ਕਿਸਾਨਾਂ ਨਾਲ ਵੀ ਮੁਲਾਕਾਤ ਕੀਤੀ। ਕਿਸਾਨਾਂ ਨੇ ਸ੍ਰੀ ਮੋਦੀ ਨੂੰ ਦੱਸਿਆ ਕਿ ਉਨ੍ਹਾਂ ਨੂੰ ਸਾਲ 2023 ਦਾ ਵੀ ਮੁਆਵਜ਼ਾ ਨਹੀਂ ਮਿਲਿਆ ਹੈ। ਇਸ ਮੌਕੇ ਕੇਂਦਰੀ ਮੰਤਰੀ ਰਵਨੀਤ ਬਿੱਟੂ ਤੇ ਸੁਨੀਲ ਜਾਖੜ ਵੀ ਮੌਜੂਦ ਸਨ।

ਪੰਜਾਬ ਵਿਚ ਸਾਲ 1988 ਤੋਂ ਬਾਅਦ ਹੁਣ ਹੜ੍ਹਾਂ ਨਾਲ ਵੱਡੇ ਪੱਧਰ 'ਤੇ ਤਬਾਹੀ ਹੋਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹਿਮਾਚਲ ਪ੍ਰਦੇਸ਼ ਅਤੇ ਪੰਜਾਬ ਵਿੱਚ ਹੜ੍ਹ ਦੀ ਸਥਿਤੀ ਦਾ ਜਾਇਜ਼ਾ ਲੈਣ ਲਈ ਇੱਕ ਦਿਨ ਦੇ ਦੌਰੇ 'ਤੇ ਆਏ ਹਨ। ਸ੍ਰੀ ਮੋਦੀ ਨੇ ਪੰਜਾਬ ਦੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਕਰ ਕੇ ਜ਼ਮੀਨੀ ਸਥਿਤੀ ਬਾਰੇ ਜਾਣਕਾਰੀ ਹਾਸਲ ਕੀਤੀ।



# ਬਾਲੀਵੁੱਡ

## ਐਸ਼ਵਰਿਆ ਨੇ ਏਆਈ ਰਾਹੀਂ ਤਿਆਰ ਕੀਤੀ ਪੋਰਨੋਗ੍ਰਾਫੀ ਖਿਲਾਫ ਹਾਈਕੋਰਟ ਦਾ ਕੁੰਡਾ ਖੜਕਾਇਆ



ਬਾਲੀਵੁੱਡ ਅਦਾਕਾਰਾ ਐਸ਼ਵਰਿਆ ਰਾਏ ਬੱਚਨ ਨੇ ਦਿੱਲੀ ਹਾਈ ਕੋਰਟ ਨੂੰ ਅਪੀਲ ਕੀਤੀ ਕਿ ਉਹ ਉਨ੍ਹਾਂ ਦੀ ਸ਼ਖਸੀਅਤ ਦੇ ਅਧਿਕਾਰਾਂ ਦੀ ਰੱਖਿਆ ਕਰੇ ਅਤੇ ਕੁਝ ਵਿਅਕਤੀਆਂ ਨੂੰ ਉਨ੍ਹਾਂ ਦੇ ਨਾਂ, ਤਸਵੀਰਾਂ ਅਤੇ ਏਆਈ ਦੁਆਰਾ ਬਣਾਈ ਗਈ ਅਸ਼ਲੀਲ ਸਮੱਗਰੀ ਦੀ ਅਣ-ਅਧਿਕਾਰਤ ਵਰਤੋਂ ਕਰਨ ਤੋਂ ਰੋਕੇ। ਜਸਟਿਸ ਤੇਜਸ ਕਾਰੀਆ ਨੇ ਜ਼ਬਾਨੀ ਤੌਰ 'ਤੇ ਸੰਕੇਤ ਦਿੱਤਾ ਕਿ ਉਹ ਬਚਾਅ ਪੱਖ ਨੂੰ ਚੇਤਾਵਨੀ ਦਿੰਦੇ ਹੋਏ ਇੱਕ ਅੰਤਰਿਮ ਹੁਕਮ ਜਾਰੀ ਕਰਨਗੇ ਰਾਏ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਸੰਦੀਪ ਸੇਠੀ ਨੇ ਕਿਹਾ ਕਿ ਅਦਾਕਾਰਾ ਆਪਣੇ ਪ੍ਰਚਾਰ ਅਤੇ ਸ਼ਖਸੀਅਤ ਦੇ ਅਧਿਕਾਰਾਂ ਨੂੰ ਲਾਗੂ ਕਰਨਾ ਚਾਹੁੰਦੀ ਹੈ ਅਤੇ ਉਨ੍ਹਾਂ ਨੇ ਦਲੀਲ ਦਿੱਤੀ ਕਿ ਇੰਟਰਨੈੱਟ 'ਤੇ ਉਸ ਦੀਆਂ ਨਕਲੀ ਨਿੱਜੀ ਤਸਵੀਰਾਂ ਘੁੰਮ ਰਹੀਆਂ ਹਨ। ਸੇਠੀ ਨੇ ਰਾਏ ਵੱਲੋਂ ਦਲੀਲ ਦਿੱਤੀ, ''ਮੇਰੀਆਂ ਤਸਵੀਰਾਂ, ਮੇਰੇ ਜਿਹੇ ਹੋਣ ਜਾਂ ਮੇਰੇ ਵਿਅਕਤੀਤਵ ਦੀ ਵਰਤੋਂ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਇੱਕ ਵਿਅਕਤੀ ਸਿਰਫ਼ ਮੇਰਾ ਨਾਂ ਅਤੇ ਚਿਹਰਾ ਲਗਾ ਕੇ ਪੈਸੇ ਕਮਾ ਰਿਹਾ ਹੈ।'' ਉਨ੍ਹਾਂ ਕਿਹਾ, ''ਉਨ੍ਹਾਂ ਦੇ ਨਾਂ ਅਤੇ ਉਨ੍ਹਾਂ ਦੀ ਦਿੱਖ ਦੀ ਵਰਤੋਂ ਕਿਸੇ ਦੀਆਂ ਜਿਨਸੀ ਇੱਛਾਵਾਂ ਨੂੰ ਪੂਰਾ ਕਰਨ ਲਈ ਕੀਤੀ ਜਾ ਰਹੀ ਹੈ। ਇਹ ਬਹੁਤ ਮੰਦਭਾਗਾ ਹੈ।'' ਹਾਈ ਕੋਰਟ ਨੇ ਮਾਮਲੇ ਦੀ ਅਗਲੀ ਸੁਣਵਾਈ ਜੁਆਇੰਟ ਰਜਿਸਟਰਾਰ ਦੇ ਸਾਹਮਣੇ 7 ਨਵੰਬਰ ਅਤੇ ਅਦਾਲਤ ਵਿੱਚ 15 ਜਨਵਰੀ, 2026 ਨੂੰ ਤੈਅ ਕੀਤੀ ਹੈ।

## ਕਰਿਸ਼ਮਾ ਦੇ ਬੱਚਿਆਂ ਵੱਲੋਂ ਸੰਜੈ ਕਪੂਰ ਦੀ 30,000 ਕਰੋੜ ਰੁਪਏ ਦੀ ਜਾਇਦਾਦ 'ਚੋਂ ਹਿੱਸਾ ਲੈਣ ਲਈ ਹਾਈ ਕੋਰਟ ਦਾ ਕੀਤਾ ਰੁਖ਼




ਅਦਾਕਾਰਾ ਕਰਿਸ਼ਮਾ ਕਪੂਰ ਦੇ ਸਾਬਕਾ ਪਤੀ ਤੇ ਮਰਹੂਮ ਉਦਯੋਗਪਤੀ ਸੰਜੇ ਕਪੂਰ ਦੀ 30,000 ਕਰੋੜ ਰੁਪਏ ਦੀ ਜਾਇਦਾਦ ਨੂੰ ਲੈ ਕੇ ਵਿਵਾਦ ਹੋਰ ਭਖ਼ ਗਿਆ ਹੈ। ਇਸ ਮਾਮਲੇ ਵਿਚ ਬੌਲੀਵੁੱਡ ਅਦਾਕਾਰਾ ਕਰਿਸ਼ਮਾ ਕਪੂਰ ਦੇ ਦੋ ਬੱਚਿਆਂ ਨੇ ਆਪਣਾ ਹਿੱਸਾ ਲੈਣ ਲਈ ਦਿੱਲੀ ਹਾਈ ਕੋਰਟ ਦਾ ਰੁਖ਼ ਕੀਤਾ ਹੈ।

ਇਨ੍ਹਾਂ ਭੈਣ-ਭੈਣਾਂ ਨੇ ਦੋਸ਼ ਲਗਾਇਆ ਹੈ ਕਿ ਉਨ੍ਹਾਂ ਦੀ ਮਤਰੇਈ ਮਾਂ ਪ੍ਰਿਆ ਕਪੂਰ (ਸੰਜੇ ਕਪੂਰ ਦੀ ਤੀਜੀ ਪਤਨੀ) ਨੇ ਉਨ੍ਹਾਂ ਦੀਆਂ ਜਾਇਦਾਦਾਂ 'ਤੇ ਪੂਰਾ ਕਬਜ਼ਾ ਕਰਨ ਦੀ ਮਨਸ਼ਾ ਨਾਲ ਵਸੀਅਤ (ਸੰਜੈ ਕਪੂਰ ਦੀ) 'ਚ ਜਾਅਲਸਾਜ਼ੀ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਨ੍ਹਾਂ ਬੱਚਿਆਂ ਨੇ ਤਰਕ ਦਿੰਦਿਆਂ ਕਿਹਾ ਹੈ ਕਿ ਉਨ੍ਹਾਂ ਕੋਲ ਆਪਣੇ ਪਿਤਾ ਦੀ ਮੌਤ ਦੇ ਸਮੇਂ ਉਨ੍ਹਾਂ ਦੀਆਂ ਜਾਇਦਾਦਾਂ ਬਾਰੇ ਪੂਰੀ ਜਾਣਕਾਰੀ ਨਹੀਂ ਸੀ। ਜ਼ਿਕਰਯੋਗ ਹੈ ਕਿ ਸੰਜੈ ਕਪੂਰ ਦੀ 12 ਜੂਨ, 2025 ਨੂੰ ਵਿੰਡਸਰ ਯੂਕੇ ਵਿੱਚ ਮੌਤ ਹੋ ਗਈ ਸੀ। ਉਸ ਦੇ ਬੱਚਿਆਂ ਨੇ ਅਦਾਲਤ ਕੋਲ ਨੱਥੀ ਕੀਤੇ ਦਸਤਾਵੇਜ਼ਾਂ ਵਿਚ ਦੱਸਿਆ ਕਿ ਉਸ ਦੇ ਪਿਤਾ ਉਨ੍ਹਾਂ ਨਾਲ ਨਹੀਂ ਰਹਿੰਦੇ ਸਨ ਪਰ ਉਨ੍ਹਾਂ ਦੇ ਆਪਣੇ ਪਿਤਾ ਨਾਲ ਨਜ਼ਦੀਕੀ ਸਬੰਧ ਸਨ ਤੇ ਉਹ ਛੁੱਟੀਆਂ ਮੌਕੇ ਇਕੱਠੇ ਘੁੰਮਣ ਜਾਂਦੇ ਸਨ। ਇਹ ਵੀ ਦੱਸਣਾ ਬਣਦਾ ਹੈ ਕਿ ਕ੍ਰਿਸ਼ਮਾ ਕਪੂਰ ਦਾ ਸੰਜੈ ਕਪੂਰ ਨਾਲ ਸਾਲ 2003 ਵਿਚ ਵਿਆਹ ਹੋਇਆ ਸੀ ਤੇ ਉਨ੍ਹਾਂ ਦਾ 2016 ਵਿਚ ਤਲਾਕ ਹੋ ਗਿਆ ਸੀ।

ਕਰਿਸ਼ਮਾ ਕਪੂਰ ਦੇ ਸਾਬਕਾ ਪਤੀ ਤੇ ਸਨਅਤਕਾਰ ਸੰਜੈ ਕਪੂਰ ਦੀ ਬਰਤਾਨੀਆ ਦੇ ਪੋਲੋ ਗਰਾਊਂਡ 'ਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ।

## ਬਾਰਡਰ 2 'ਚ ਨਜ਼ਰ ਆਵੇਗੀ ਸੋਨਮ



ਬੌਲੀਵੁੱਡ ਫਿਲਮ 'ਬਾਰਡਰ 2' ਵਿੱਚ ਪੰਜਾਬੀ ਅਦਾਕਾਰਾ ਸੋਨਮ ਬਾਜਵਾ ਵੀ ਨਜ਼ਰ ਆਵੇਗੀ। ਇਹ ਫਿਲਮ ਅਗਲੇ ਸਾਲ ਜਨਵਰੀ ਮਹੀਨੇ ਵਿੱਚ ਰਿਲੀਜ਼ ਕੀਤੀ ਜਾਵੇਗੀ। ਫਿਲਮਕਾਰਾਂ ਨੇ ਖ਼ੁਲਾਸਾ ਕੀਤਾ ਕਿ ਦਿਲਜੀਤ ਦੋਸਾਂਝ ਨਾਲ ਅਦਾਕਾਰਾ ਸੋਨਮ ਬਾਜਵਾ ਵੀ ਇਸ ਫਿਲਮ ਦਾ ਹਿੱਸਾ ਹੋਵੇਗੀ। ਇਸ ਸਬੰਧੀ ਟੀ-ਸੀਰੀਜ਼ ਫਿਲਮਜ਼ ਨੇ ਆਪਣੇ ਇੰਸਟਾਗ੍ਰਾਮ ਦੇ ਖਾਤੇ 'ਤੇ ਪਾਈ ਪੋਸਟ ਵਿੱਚ ਦਿਲਜੀਤ ਅਤੇ ਸੋਨਮ ਬਾਜਵਾ ਨੂੰ ਟੈਗ ਕਰਦਿਆਂ ਉਸ ਦਾ ਸਵਾਗਤ ਕੀਤਾ ਹੈ। ਬਾਰਡਰ 2 ਦਾ ਨਿਰਦੇਸ਼ਨ ਅਨੁਰਾਗ ਸਿੰਘ ਨੇ ਕੀਤਾ ਹੈ। ਇਸ ਫਿਲਮ ਵਿੱਚ ਸਨੀ ਦਿਓਲ ਅਤੇ ਵਰੁਣ ਧਵਨ ਵੀ ਅਹਿਮ ਕਿਰਦਾਰ ਅਦਾ ਕਰਨਗੇ।

## ਕਰਨ ਔਜਲਾ ਨੇ The Tonight Show ਵਿੱਚ Jimmy Fallon ਨੂੰ ਭੰਗੜਾ ਸਿਖਾਇਆ




ਪੰਜਾਬੀ ਗਾਇਕ ਕਰਨ ਔਜਲਾ ਨੇ ਐੱਨਬੀਸੀ ਦੇ ਦਿ ਟੂਨਾਈਟ ਸ਼ੋਅ The Tonight Show ਵਿੱਚ ਮੇਜ਼ਬਾਨ ਜਿੰਮੀ ਫੈਲਨ ਨਾਲ ਸ਼ਾਮਲ ਹੋ ਕੇ ਇਤਿਹਾਸ ਰਚ ਦਿੱਤਾ।

ਸ਼ੋਅ 'ਚ ਔਜਲਾ ਨੇ ਆਪਣੇ ਚਰਚਿਤ ਗੀਤ 'ਬੁਆਏਫ੍ਰੈਂਡ' ਅਤੇ 'ਗੱਭਰੂ' ਆਦਿ ਸੁਣਾਏ। ਉਸ ਦੀ ਪ੍ਰਭਾਵਸ਼ਾਲੀ ਪੇਸ਼ਕਾਰੀ ਪੰਜਾਬੀ ਸੰਗੀਤ ਲਈ ਇਕ ਇਤਿਹਾਸਕ ਪਲ ਸੀ ਜਿਸ ਨੇ ਦੇਸੀ ਅੰਦਾਜ਼ ਨੂੰ ਇੱਕ ਕੌਮਾਂਤਰੀ ਸਟੇਜ 'ਤੇ ਲਿਆਂਦਾ ਅਤੇ ਦੁਨੀਆਂ ਭਰ 'ਚ ਸਰੋਤਿਆਂ ਦਾ ਮਨੋਰੰਜਨ ਕੀਤਾ।

ਔਜਲਾ ਦੀ ਇਹ ਹਾਜ਼ਰੀ ਸਿਰਫ਼ ਸੰਗੀਤ ਬਾਰੇ ਹੀ ਨਹੀਂ ਸੀ ਬਲਕਿ ਉਸ ਨੇ ਮੇਜ਼ਬਾਨ ਜਿੰਮੀ ਫੈਲਨ ਦਾ ਡਾਂਸ ਕੋਚ ਬਣ ਕੇ ਪੰਜਾਬੀ ਸੱਭਿਆਚਾਰ ਦੀ ਝਲਕ ਵੀ ਪੇਸ਼ ਕੀਤੀ।

ਇਸ ਦੌਰਾਨ ਕਰਨ ਔਜਲਾ ਨੇ ਜਿੰਮੀ ਨੂੰ ਰਵਾਇਤੀ ਨਾਚ ਭੰਗੜੇ ਦੇ ਕੁਝ ਨੁਕਤੇ ਵੀ ਸਿਖਾਏ।

# Dr. Dhanju

## We'll take care of your Teeth



| General | Cosmetic | Surgical | High-Tech Exam |
|---|---|---|---|
| Exams/Cleaning | Teeth Whitening | Wisdom Teeth | Dignodent |
| Dental Sealants | Veneers | Implants | Digital X-Rays |
| Root Canals | Smile Design | | Intra-Oral Camera |
| Crowns/Caps | | | |
| Duentures | | | |
| Gum Disease | | | |

| SURREY | SURREY | RICHMOND | SURREY |
|---|---|---|---|
| 206 - 15230 56 Ave (HWY 10), 604-200-3993 | 7126 King George Blvd, 604.591.8999 | Suite 1946 6060 Minoru Blvd. Inside Richmond Centre (Close to Shoppers Drug Mart) 604.276.2442 | Suite 300 15850 24th Ave. 604.536.2700 |

JASSAL SIGNS

*From Concept to Completion*







- *Vehicle Wraps*
- *Business Cards Signs & Posters*
- *Wide Format Printing*
- *Banners & Truck Signs*
- *Invoices & Logo Sheets*
- *Logo Design & Real Estate Signs*
- *Channel Letters & Light Boxes & More*

604-599-4221

Email: info@jassalsigns.com

**Surrey**

#101 - 7728 128 St,
Surrey

**Cloverdale**

#101- 6592 176 St,
Cloverdale

**WWW.JASSALSIGNS.COM**

# ਕੈਨੇਡਾ ਨੇ 80 ਫ਼ੀਸਦੀ ਭਾਰਤੀਆਂ ਵਿਦਿਆਰਥੀਆਂ ਦੇ ਵੀਜ਼ੇ ਕੀਤੇ ਰੱਦ




ਕੈਨੇਡਾ ਸਰਕਾਰ ਨੇ ਵਿਦਿਆਰਥੀ ਵੀਜ਼ਿਆਂ ਲਈ ਨਵੇਂ ਸਖ਼ਤ ਨਿਯਮ ਲਾਗੂ ਕੀਤੇ ਹਨ, ਜਿਸ ਕਾਰਨ 2025 'ਚ ਭਾਰਤੀ ਵਿਦਿਆਰਥੀਆਂ ਨੂੰ ਵੱਡਾ ਝਟਕਾ ਲੱਗਾ ਹੈ। ਸਰਕਾਰੀ ਡਾਟਾ ਮੁਤਾਬਕ ਇਸ ਸਾਲ ਲਗਭਗ 62 ਫੀਸਦੀ ਵੀਜ਼ਾ ਅਰਜ਼ੀਆਂ ਰੱਦ ਹੋਈਆਂ, ਜਦੋਂਕਿ ਭਾਰਤੀ ਵਿਦਿਆਰਥੀਆਂ ਲਈ ਇਹ ਅੰਕੜਾ ਹੋਰ ਵੀ ਚਿੰਤਾਜਨਕ ਹੈ- ਉਨ੍ਹਾਂ 'ਚੋਂ ਕਰੀਬ 80 ਫੀਸਦੀ ਦੀਆਂ ਅਰਜ਼ੀਆਂ ਖ਼ਾਰਜ ਕਰ ਦਿੱਤੀਆਂ ਗਈਆਂ।

ਨਵੀਆਂ ਸ਼ਰਤਾਂ ਅਨੁਸਾਰ ਹੁਣ ਵਿਦਿਆਰਥੀਆਂ ਨੂੰ ਆਪਣੀ ਆਰਥਿਕ ਸਥਿਤੀ ਸਾਬਿਤ ਕਰਨ ਲਈ ਘੱਟੋ-ਘੱਟ 20,635 ਕੈਨੇਡੀਅਨ ਡਾਲਰ ਦਿਖਾਉਣੇ ਪੈਂਦੇ ਹਨ। ਨਾਲ ਹੀ ਪੜ੍ਹਾਈ ਦੀ ਸਪਸ਼ਟ ਯੋਜਨਾ ਅਤੇ ਸਾਰੇ ਕਾਗਜ਼ਾਤ ਬਿਨਾ ਗਲਤੀ ਦੇ ਪੇਸ਼ ਕਰਨੇ ਲਾਜ਼ਮੀ ਹੋ ਗਏ ਹਨ। ਪਹਿਲਾਂ ਮੌਜੂਦ 'ਸਟੂਡੈਂਟ ਡਾਇਰੈਕਟ ਸਟ੍ਰੀਮ' ਵਰਗੀ ਤੇਜ਼ ਪ੍ਰਕਿਰਿਆ ਵੀ ਹੁਣ ਬੰਦ ਕਰ ਦਿੱਤੀ ਗਈ ਹੈ, ਜਿਸ ਨਾਲ ਅਰਜ਼ੀਆਂ ਦੇ ਨਤੀਜੇ ਆਉਣ 'ਚ ਹੋਰ ਸਮਾਂ ਲੱਗਣ ਲੱਗਾ ਹੈ।

ਕੈਨੇਡਾ ਸਰਕਾਰ ਨੇ 2025 ਲਈ ਵੀਜ਼ਿਆਂ ਦੀ ਗਿਣਤੀ ਵੀ ਘਟਾ ਦਿੱਤੀ ਹੈ। ਪਿਛਲੇ ਸਾਲ ਦੇ ਮੁਕਾਬਲੇ ਇਸ ਵਾਰ ਲਗਭਗ 10 ਫੀਸਦੀ ਘੱਟ, ਯਾਨੀ 4.37 ਲੱਖ ਪਰਮਿਟ ਜਾਰੀ ਕਰਨ ਦੀ ਯੋਜਨਾ ਬਣਾਈ ਗਈ ਹੈ। ਨਾਲ ਹੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਮਿਲਣ ਵਾਲੇ ਵਰਕ ਪਰਮਿਟ ਲਈ ਭਾਸ਼ਾ ਦੀ ਯੋਗਤਾ ਨੂੰ ਵੀ ਕਾਫ਼ੀ ਸਖ਼ਤ ਕਰ ਦਿੱਤਾ ਗਿਆ ਹੈ। ਯੂਨੀਵਰਸਿਟੀ ਦੇ ਵਿਦਿਆਰਥੀਆਂ ਲਈ ਹੁਣ B2 ਲੈਵਲ ਅਤੇ ਕਾਲਜ ਵਿਦਿਆਰਥੀਆਂ ਲਈ ਘੱਟੋ-ਘੱਟ B1 ਲੈਵਲ ਲਾਜ਼ਮੀ ਕੀਤਾ ਗਿਆ ਹੈ।

ਇਹ ਨਵੀਆਂ ਪਾਬੰਦੀਆਂ ਭਾਰਤੀ ਵਿਦਿਆਰਥੀਆਂ ਅਤੇ ਕੈਨੇਡਾ ਦੀਆਂ ਸਿੱਖਿਆ ਸੰਸਥਾਵਾਂ ਦੋਵਾਂ ਲਈ ਚੁਣੌਤੀ ਬਣ ਰਹੀਆਂ ਹਨ। ਪਿਛਲੇ ਸਾਲ ਕੈਨੇਡਾ 'ਚ ਇਕ ਮਿਲੀਅਨ ਤੋਂ ਵੱਧ ਅੰਤਰਰਾਸ਼ਟਰੀ ਵਿਦਿਆਰਥੀ ਸਨ, ਜਿਨ੍ਹਾਂ 'ਚੋਂ ਸਭ ਤੋਂ ਵੱਡਾ ਹਿੱਸਾ ਭਾਰਤ ਤੋਂ ਸੀ। ਹੁਣ ਵੀਜ਼ਾ ਰੱਦ ਹੋਣ ਨਾਲ ਕਈ ਪਰਿਵਾਰਾਂ ਦੇ ਸੁਪਨੇ ਟੁੱਟ ਰਹੇ ਹਨ ਅਤੇ ਯੂਨੀਵਰਸਿਟੀਆਂ ਨੂੰ ਵੀ ਆਪਣੇ ਦਾਖ਼ਲਿਆਂ 'ਚ ਕਮੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

## ਭਾਰਤ ਦੀ ਸ਼ਾਨਦਾਰ ਜਿੱਤ; ਯੂਏਈ ਨੂੰ ਨੌਂ ਵਿਕਟਾਂ ਨਾਲ ਹਰਾਇਆ

ਭਾਰਤ ਨੇ ਏਸ਼ੀਆ ਕੱਪ 2025 ਵਿੱਚ ਸ਼ਾਨਦਾਰ ਸ਼ੁਰੂਆਤ ਕੀਤੀ ਹੈ। ਟੀਮ ਨੇ ਯੂਏਈ ਵਿਰੁੱਧ 58 ਦੌੜਾਂ ਦੇ ਟੀਚੇ ਦਾ ਪਿੱਛਾ ਸਿਰਫ਼ 27 ਗੇਂਦਾਂ ਵਿੱਚ ਕੀਤਾ। ਇਹ ਭਾਰਤ ਦਾ ਸਭ ਤੋਂ ਤੇਜ਼ ਦੌੜਾਂ ਦਾ ਪਿੱਛਾ ਹੈ। ਅਭਿਸ਼ੇਕ ਸ਼ਰਮਾ 30 ਦੌੜਾਂ ਬਣਾ ਕੇ ਆਊਟ ਹੋ ਗਿਆ। ਜਦੋਂ ਕਿ ਸ਼ੁਭਮਨ ਗਿੱਲ 20 ਦੌੜਾਂ ਬਣਾ ਕੇ ਵਾਪਸ ਪਰਤੇ

ਭਾਰਤ ਨੇ ਦੁਬਈ ਇੰਟਰਨੈਸ਼ਨਲ ਸਟੇਡੀਅਮ ਵਿੱਚ ਟਾਸ ਜਿੱਤ ਕੇ ਗੇਂਦਬਾਜ਼ੀ ਕਰਨ ਦਾ ਫੈਸਲਾ ਕੀਤਾ। ਯੂਏਈ 13.1 ਓਵਰਾਂ ਵਿੱਚ 57 ਦੌੜਾਂ 'ਤੇ ਆਲ ਆਊਟ ਹੋ ਗਈ। ਟੀਮ ਨੇ ਆਖਰੀ 8 ਵਿਕਟਾਂ 28 ਦੌੜਾਂ ਬਣਾ ਕੇ ਗੁਆ ਦਿੱਤੀਆਂ।



Vol. 18, Issue: 37

Friday, September 12, 2025

# REALTY CLASSIFIEDS

W: www.realtyclassifieds.ca | E: design@swmediagroup.ca | Ph: 604-312-5678,

## Vancouver home sales up almost 3% in August: real estate board



Vancouver-area home sales rose 2.9 per cent in August compared with last year, as the city's real estate board says the market appears to be recovering "albeit somewhat slowly" from the first half of the year.

Greater Vancouver Realtors says home sales in the region totalled 1,959 last month, up from the 1,904 sales recorded in August 2024, but still 19.2 per cent below the 10-year seasonal average. Andrew Lis, the board's director of economics and data analytics, says the data shows sales in the detached and attached home markets are up by more than 10 per cent from last year, "which suggests buyers shopping in more expensive price points are re-entering the market in a meaningful way." There were 4,225 newly listed properties on the market in August, a 2.8 per cent increase from last year. Total active listings rose 17.6 per cent year-over-year to 16,242.

The composite benchmark price in August was $1,150,400, down 3.8 per cent from a year earlier and 1.3 per cent lower than July this year.


Lifestyle
REAL ESTATE GROUP




**$1,299,900**
11101 - 72A Avenue
*Upgraded and move in ready basement home in Royal York!*



**$1,299,900**
8646 - 115A Street
*Investor Alert! Solid 4 bdrm 2 bath family home on a quiet street!*



**$4,798,600**
12010 - 265A Street
*1.5 acre ultimate multi generational estate property in Forest Hills!*



**$785, 000**
#222 - 7837 - 120A St.
*Spacious & bright 1692 sq ft townhouse close to everything!*



**$528,000**
#207 - 9767 - 140 St.
*Large 1000+ sqft condo with 2 bedrooms close to everything!*




**$969, 000**
128-6109 W. Boundary
*Charming 3 bdrm, 2.5 bath home in Lakewood Gardens!*



Tom Edwards
Personal Real Estate Corporation
604-341-6884
tom@northdeltahomes.com
www.northdeltahomes.com
www.lifestylerealestategroup.ca
@tomedwardsremax

RE/MAX
(604) 590-4888
I 1925 80 Ave, Delta, BC V4C IY 1

Lifestyle
REAL ESTATE GROUP



HARMINDER S. PATTAR PREC

Jovi | Realty.

604-377-2854

BUILDERS OR INVESTOR ALERT!
I have BIG Chinese Investors, they are looking for Investment in Multi-family Townhouses and Hotel sites. Call for more details.




**2681 E 41 AVE, VANCOUVER**

Court order sale, duplex that requires some finishing. 3 level (non-strata) front and back duplex for sale with 4 bed room & 3 bath room with 1749 sqft on each side, big duplex, separate entrance in the basement. Purchaser must be able to have a new home warranty and be a licensed builder. Buyer must do their due diligence from the City of Vancouver regarding permits. Good size lot appx. 4,653.00 sq.ft with detached garage and lane access.

~~$2,750,000~~
**$2,650,000**

**COMMERCIAL PLAZA FOR SALE 2638-2640 CEDAR PARK PLACE, ABBOTSFORD**



THIS IS A FULLY LEASED WITH 10 SEPARATELY LEASED RETAIL. COMMERCIAL PROPERTY SITUATED IN THE HEART OF ABBOTSFORD.. IT IS LOCATED JUST TWO BLOCK FROM CITY HALL CORNER OF SOUTH FRASER WAY AD CEDAR PARK PLACE. ITS OVER 17000 SQ FT BUILDING SITUATED ON OVER 13000 SQ FT LOT AREA, ITS HIGH VISIBLE PROMINENT WITH LARGE FRONTAGE.

**$7,500,000**




Court Order Sale. Property is sold as is where is. This 5 bedroom 4 bathroom split-level home is very well maintained in a family oriented neighbourhood. Quiet Street with tons of privacy, the generous kitchen boasts granite countertops and spacious island, while large windows flood the space with natural light. Private 2 car garage. Very well maintained. Located in a GREAT LOCATION with easy access to major highways, shopping, and schools. Measurements approx. buyer to verify if important. School Catchment: Maddaugh Elementary & EcholeSalish Secondary. For more information please call. (30811618)

**$1,429,000**

**1035 23200 GILLEY ROAD**




This brand-new 989 sqft commercial space located in Hamilton Village West. This provides best opportunity for those who wants to start their career. This unit is newly built and is ready to move in. Enjoy easy access for your clientele with recessed curb parking in front of the store, 30 at grade parking stalls plus 50 in the building's parkade. Situated on the ground floor of the brand new 130-unit condominium development in a fast growing Richmond hub, don't miss this opportunity to be at the centre of it all! (36829540)

**$849,000**

**#45 12036 66 AVE, SURREY $858,000**




Discover this beautiful , bright and spacious 3-bedroom, 2.5-bathroom townhome in a highly desirable central location.The home features a spacious west-facing sundeck, perfect for soaking in the afternoon sun or enjoying evening relaxation.The double tandem garage offers convenient parking andextra storage. With public transit just steps away on scott road, commuting is a breeze.Families will love the proximity to top-rated schools, ensuringexcellent education options. You'll also find a variety of shopping, dining, and entertainment options nearby, making this home a perfect blend of convenience and comfort.

**45594 MEADOWBROOK DRIVE, CHILLIWACK 1,050,000**




Court order sale built in 2019 5 bedrm, 4 bathrm perfect home very desirable location across the street from Meadowbrook park to raise your family ,modern 3 story with 1 bedroom basement suite with separate entrance ,home has amazing finishing w/ top quality kitchen ,stone counter tops, large island luxury spa bathroom, central air condition ,fenced yard, outside BBQ connections ,hi efficiency furnace tank-less water heater ,Embrace the fabulous area with amenities within walking distance to Meadowbrook park ,middle/high school , shopping ,transit ,close access to HWY 1, BEAUTIFUL PLAYGROUND RITR IN FRONT.

**11132 PATRICIA DRIVE, DELTA $$1,340,000**




Court Order Sale. This 5 bedroom 3 bathroom split-level home is very well maintained in a family oriented neighborhood. Quiet Street with tons of privacy, very easily convert downstairs into a suite(Kitchen and separate entry already downstairs). Home gets tons of natural light and has had a few updates throughout the years: new floors, kitchen cabinets, deck in the backyard. Quick access to Alex Fraser Bridge to get Richmond and New Westminster & Highway 17 to get to Langley & Surrounding areas.


THE PUBLISHED INFORMATION IS FROM RELIABLE SOURCES BUT SHOULD NOT BE RELIED UPON WITHOUT VERIFICATION. REALTY CLASSIFIEDS ASSUME NO RESPONSIBILITY FOR ITS ACCURACY. PLEASE CONTACT YOUR LOCAL REALTOR FOR FURTHER VERIFICATION AND DETAILS. THANK YOU.

# AJIT THALIWAL

## CELL: 604-727-5166

ajitsthaliwal@gmail.com

RE/MAX



OUR FIRST JOURNEY IS TO FIND THAT

## SPECIAL PLACE FOR YOU

**WE SPECIALIZE IN LAND ASSEMBLY, LOTS AND RESIDENTIAL PROPERTIES**

Starting at $979,000




Introducing Another Award Winning Community by Infinity Living "Richstone Hamilton" nestled in the quiet rapidly growing Richmond Suburb of Hamilton. 25 Farmhouse inspired townhomes with gorgeous finishings estimated for completion in May 2025. These 3 Bedroom townhomes boast designer kitchens, Fisher & Paykel appliance package, authentic imported European tiles, Quartz countertops, custom wood work, Air Con/Heat Pump/HRV and double tandem/side by side garages. These units are very well appointed. Walking distance to Shopping, schools, parks, childcare and transit. Please contact us for more details and information .

$2,298,000




Over half an acre of prime development land next to Cap-It and other major anchors. The current use is non-conforming motel and 9 units are rented for great holding income. The property is M2 zoned for business industrial uses and ready for building permit for the development of your choice with very few restrictions. See City of Chilliwack M2 zoning permit guidelines.

$2,770,000




Beautiful new home in a great neighborhood on the best street, sparing no expense this home has everything you could want and more. Marble entry, and custom wainscotting throughout the home.

$2,398,000




Builders own home! Very Rarely on the Market this Gorgeous 6 Bed 5.5 Bath home with Coach House is not to be missed. Main home consists of 5 Bedrooms and 4.5 Bath Custom designed for the Owner/Builder. High Ceilings in the Living and Dining with beautiful wainscotting and custom woodworking throughout the home, all counter are either European stone & marble, imported tiles, custom cabinetry in the gourmet kitchen. Backyard built for entertaining with a covered patio. Huge Bonus on this home is the legal COACH HOUSE 1 Bedroom Suite with a separate laundry. Location is Key on the west side of Richmond but a very central location. A stones throw from all Levels of Schools, transit, shopping, doctors and the hospital. School Catchment: Blundell Elementary school and Stevenston London HS. OPEN HOUSE - Sat Sep 14 - 2-4pm.

$2,988,000




A True Show Home that is absolutely stunning and totally remodeled with all high end finishing's to perfection. This home is located in a very desirable and prime family Neighborhood.

$1,785,000




This property is located at 3440 Trumond Avenue, Richmond, BC, in the neighbourhood of Seafair. The current median list price for similar homes for sale in the vicinity is $1,910,000.

$1,450,000




This property is located at 10320 Railway Avenue, Richmond, BC, in the neighbourhood of Steveston North.

$2,365,000




This property is located at 10226 Railway Avenue, Richmond, BC, in the neighbourhood of Steveston North.

$2,365,000




This property is located at 10220 Railway Avenue, Richmond, BC, in the neighbourhood of Steveston North.

$2,800,000




Prime Location! Well kept 2 story house good size nice lot 6,000 sq. ft in a desirable neighborhood in North Delta. This house offers 3 beds and 1.5 baths on main floor.

# ਪਰਵਾਸ ਦੇ ਰੁਝਾਨ ਦੇ ਰੁਕਣ ਦੇ ਕੀ ਹਨ ਨਫੇ-ਨੁਕਸਾਨ

ਪਿਛਲੇ ਦਿਨੀਂ ਮੀਡੀਆ 'ਚ ਇਹ ਗੱਲ ਕਾਫ਼ੀ ਚਰਚਾ 'ਚ ਰਹੀ ਕਿ ਹੁਣ ਸਾਡੇ ਦੇਸ਼ ਵਿੱਚੋਂ ਮੁੰਡੇ-ਕੁੜੀਆਂ ਦਾ ਵਿਦੇਸ਼ ਜਾਣ ਦਾ ਰੁਝਾਨ ਘੱਟ ਹੋ ਗਿਆ ਹੈ। ਪੰਜਾਬ ਵਿੱਚੋਂ 19% ਮੁੰਡੇ-ਕੁੜੀਆਂ ਦਾ ਵਿਦੇਸ਼ ਜਾਣ ਦਾ ਰੁਝਾਨ ਘੱਟ ਹੋਇਆ ਹੈ। ਕੇਵਲ ਵਿਦੇਸ਼ ਜਾਣ ਵਾਲੇ ਮੁੰਡੇ-ਕੁੜੀਆਂ ਨੇ ਵਿਦੇਸ਼ ਜਾਣ ਦਾ ਮਨ ਨਹੀਂ ਬਦਲਿਆ ਸਗੋਂ ਵਿਦੇਸ਼ਾਂ 'ਚ ਕਈ ਸਾਲਾਂ ਤੋਂ ਗਏ ਹੋਏ ਲੋਕ ਵੀ ਉਨ੍ਹਾਂ ਮੁਲਕਾਂ ਨੂੰ ਛੱਡ ਕੇ ਆਪਣੇ ਦੇਸ਼ ਨੂੰ ਪਰਤ ਆਏ ਹਨ।



ਸਾਡੇ ਦੇਸ਼ ਦੇ ਮੁੰਡੇ-ਕੁੜੀਆਂ ਤੇ ਹੋਰ ਲੋਕਾਂ ਦੇ ਵਿਦੇਸ਼ ਜਾਣ ਦੇ ਰੁਝਾਨ ਦੇ ਘੱਟ ਹੋਣ ਦੀ ਬੁੱਧੀਜੀਵੀਆਂ, ਸਿਆਸੀ ਲੋਕਾਂ ਤੇ ਹੋਰ ਵਰਗਾਂ ਵੱਲੋਂ ਭਰਪੂਰ ਖ਼ੁਸ਼ੀ ਜ਼ਾਹਿਰ ਕੀਤੀ ਗਈ। ਖ਼ੁਸ਼ੀ ਮਨਾਈ ਵੀ ਜਾਣੀ ਚਾਹੀਦੀ ਹੈ ਕਿਉਂਕਿ ਇਸ ਨਾਲ ਸਾਡੇ ਦੇਸ਼ ਦੇ ਅਰਥਚਾਰੇ ਨੂੰ ਲਾਭ ਪਹੁੰਚੇਗਾ। ਸਾਡੇ ਬੱਚਿਆਂ ਨੂੰ ਆਪਣੇ ਮਾਪਿਆਂ ਕੋਲ ਰਹਿ ਕੇ ਕੰਮ ਕਰਨ ਦਾ ਮੌਕਾ ਮਿਲੇਗਾ। ਵਿਦੇਸ਼ਾਂ 'ਚ ਜਾ ਕੇ ਅਨੇਕਾਂ ਸਮੱਸਿਆਵਾਂ ਦਾ ਸਾਹਮਣਾ ਕਰਨ ਤੋਂ ਉਹ ਬਚ ਸਕਣਗੇ। ਉਹ ਆਪਣੇ ਦੇਸ਼, ਧਰਤੀ, ਭਾਸ਼ਾ ਅਤੇ ਸੱਭਿਆਚਾਰ ਨਾਲ ਜੁੜੇ ਰਹਿਣਗੇ। ਵਿਦੇਸ਼ ਜਾਣ ਦਾ ਇਹ ਰੁਝਾਨ ਦੇਸ਼, ਸਮਾਜ, ਸੱਭਿਆਚਾਰ ਅਤੇ ਮਾਪਿਆਂ ਦੇ ਹਿੱਤ ਲਈ ਵੀ ਇੱਕ ਚੰਗਾ ਆਗਾਜ਼ ਹੈ, ਪਰ ਹੁਣ ਸਵਾਲ ਖੜ੍ਹਾ ਇਹ ਹੁੰਦਾ ਹੈ ਕਿ ਇਨ੍ਹਾਂ ਬੱਚਿਆਂ ਦੇ ਵਿਦੇਸ਼ ਨਾ ਜਾਣ 'ਤੇ ਕੀ ਸਾਡੇ ਦੇਸ਼ ਦੀਆਂ ਸਰਕਾਰਾਂ ਇਨ੍ਹਾਂ ਨੂੰ ਰੁਜ਼ਗਾਰ ਮੁਹੱਈਆ ਕਰਵਾ ਸਕਣਗੀਆਂ? ਇਸ ਸਵਾਲ ਉੱਤੇ ਚਰਚਾ ਕਰਨ ਤੋਂ ਪਹਿਲਾਂ ਵਿਦੇਸ਼ ਜਾਣ ਦੇ ਰੁਝਾਨ ਦੇ ਘਟਣ ਨਾਲ ਪੈਦਾ ਹੋਈਆਂ ਸਮੱਸਿਆਵਾਂ ਬਾਰੇ ਚਰਚਾ ਕਰ ਲੈਂਦੇ ਹਾਂ।

ਨੌਜਵਾਨਾਂ ਅਤੇ ਹੋਰ ਲੋਕਾਂ ਦੇ ਵਿਦੇਸ਼ ਜਾਣ ਦੇ ਰੁਝਾਨ ਦੇ ਘਟਣ ਨਾਲ ਆਇਲਟਸ ਕੋਚਿੰਗ ਸੈਂਟਰਾਂ, ਕੈਫੇ ਦੀਆਂ ਦੁਕਾਨਾਂ, ਵੈਸਟਰਨ ਯੂਨੀਅਨ, ਟਰੈਵਲ ਏਜੰਟ, ਟੈਕਸੀਆਂ ਦਾ ਕਾਰੋਬਾਰ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਜਿਨ੍ਹਾਂ ਮੁਲਕਾਂ 'ਚੋਂ ਨੌਜਵਾਨ ਅਤੇ ਹੋਰ ਲੋਕ ਦੂਜੇ ਮੁਲਕਾਂ 'ਚ ਜਾਂਦੇ ਸਨ ਉਨ੍ਹਾਂ ਮੁਲਕਾਂ ਵਿੱਚ ਹੀ ਨਹੀਂ ਸਗੋਂ ਜਿਨ੍ਹਾਂ ਮੁਲਕਾਂ ਵਿੱਚ ਜਾਂਦੇ ਸਨ, ਉਨ੍ਹਾਂ ਦੇਸ਼ਾਂ 'ਚ ਵੀ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਖੜ੍ਹੀਆਂ ਹੋਈਆਂ ਹਨ। ਉਨ੍ਹਾਂ ਦੇਸ਼ਾਂ 'ਚ ਕਾਰੋਬਾਰੀਆਂ ਦਾ ਕਾਰੋਬਾਰ ਪਹਿਲਾਂ ਨਾਲੋਂ ਘਟ ਗਿਆ ਹੈ। ਕਾਰਖਾਨੇ ਬੰਦ ਹੋਣ ਕਾਰਨ ਲੋਕਾਂ ਦੀਆਂ ਨੌਕਰੀਆਂ ਚਲੀਆਂ ਗਈਆਂ ਹਨ। ਮਾਲਾਂ ਅਤੇ ਸਟੋਰਾਂ ਦਾ ਕੰਮ ਘਟਣ ਕਾਰਨ ਉਨ੍ਹਾਂ ਨੇ ਨੌਜਵਾਨਾਂ ਨੂੰ ਨੌਕਰੀਆਂ ਤੋਂ ਮਨ੍ਹਾ ਕਰ ਦਿੱਤਾ ਹੈ। ਵੇਅਰ ਹਾਊਸਾਂ ਦਾ ਕੰਮ ਘੱਟ ਹੋਣ ਕਾਰਨ ਲੋਕਾਂ ਦੀਆਂ ਨੌਕਰੀਆਂ ਚਲੀਆਂ ਗਈਆਂ ਹਨ। ਕਾਲਜ ਬੰਦ ਹੋਣ ਕਾਰਨ ਅਧਿਆਪਕਾਂ ਅਤੇ ਹੋਰ ਕਰਮਚਾਰੀਆਂ ਨੂੰ ਨੌਕਰੀਆਂ ਤੋਂ ਨਾਂਹ ਕਰ ਦਿੱਤੀ ਗਈ ਹੈ। ਟੈਕਸੀਆਂ, ਇਮੀਗ੍ਰੇਸ਼ਨ, ਬੀਮੇ, ਰੀਅਲ ਅਸਟੇਟ, ਕੋਰੀਅਰ ਦੇ ਕੰਮ 'ਤੇ ਬਹੁਤ ਮਾੜਾ ਅਸਰ ਪਿਆ ਹੈ।

ਸਰਕਾਰਾਂ ਨੂੰ ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਸਾਡੇ ਦੇਸ਼ ਦੇ ਨੌਜਵਾਨ ਅਤੇ ਹੋਰ ਲੋਕਾਂ ਨੇ ਆਪਣੀ ਇੱਛਾ ਨਾਲ ਵਿਦੇਸ਼ ਜਾਣਾ ਬੰਦ ਨਹੀਂ ਕੀਤਾ ਸਗੋਂ ਦੋ ਕਾਰਨਾਂ ਕਰਕੇ ਉਨ੍ਹਾਂ ਨੇ ਅਜਿਹਾ ਕੀਤਾ ਹੈ। ਪਹਿਲਾ ਕਾਰਨ ਕਈ ਪੱਛਮੀ ਮੁਲਕਾਂ ਵੱਲੋਂ ਵਿਦੇਸ਼ੀਆਂ ਦੇ ਆਉਣ ਉੱਤੇ ਪਾਬੰਦੀ ਲਗਾਉਣਾ ਹੈ, ਦੂਜਾ ਕਾਰਨ ਵਿਦੇਸ਼ਾਂ 'ਚ ਰੁਜ਼ਗਾਰ ਨਾ ਮਿਲਣ ਦੀ ਸਮੱਸਿਆ ਖੜ੍ਹੀ ਹੋਣਾ ਹੈ।

ਵਿਦੇਸ਼ਾਂ ਵੱਲੋਂ ਪਰਵਾਸੀਆਂ ਦੀ ਆਮਦ ਉੱਤੇ ਰੋਕ ਲਗਾਉਣ ਲਈ ਵਿਦੇਸ਼ੀ ਮੁਲਕਾਂ ਦੀਆਂ ਨੀਤੀਆਂ ਅਤੇ ਪਰਵਾਸੀਆਂ ਵੱਲੋਂ ਕੀਤੀਆਂ ਜਾਣ ਵਾਲੀਆਂ ਗ਼ਲਤੀਆਂ ਜ਼ਿੰਮੇਵਾਰ ਹਨ। ਵਿਦੇਸ਼ੀ ਨੀਤੀਆਂ ਵਿੱਚ ਦੂਜੇ ਦੇਸ਼ਾਂ ਤੋਂ ਪਰਵਾਸੀਆਂ ਨੂੰ ਬੁਲਾ ਤਾਂ ਲਿਆ, ਪਰ ਰੁਜ਼ਗਾਰ ਦੇ ਓਨੇ ਮੌਕੇ ਪੈਦਾ ਕਰਨ ਵੱਲ ਧਿਆਨ ਹੀ ਨਹੀਂ ਦਿੱਤਾ। ਵੋਟਾਂ ਦੀ ਰਾਜਨੀਤੀ 'ਚ ਪਰਵਾਸੀਆਂ ਨੂੰ ਵਾਧੂ ਸਹੂਲਤਾਂ ਦੇਣ ਨਾਲ ਉਨ੍ਹਾਂ ਮੁਲਕਾਂ ਦਾ ਅਰਥਚਾਰਾ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਗਿਆ। ਮਹਿੰਗਾਈ, ਰਿਸ਼ਵਤ ਖੋਰੀ, ਬੇਰੁਜ਼ਗਾਰੀ, ਘਰਾਂ ਦੀ ਸਮੱਸਿਆ, ਸਿਹਤ ਸੇਵਾਵਾਂ ਦੀ ਮਾੜੀ ਹਾਲਤ, ਟੈਕਸਾਂ ਦੇ ਬੋਝ ਅਤੇ ਖਾਮੀਆਂ ਭਰਪੂਰ ਸਿੱਖਿਆ ਪ੍ਰਣਾਲੀ ਨੇ ਪਰਵਾਸੀਆ ਨੂੰ ਵਿਦੇਸ਼ਾਂ ਵਿੱਚ ਜਾਣ ਤੋਂ ਰੋਕ ਦਿੱਤਾ ਅਤੇ ਇਨ੍ਹਾਂ ਮੁਲਕਾਂ ਵਿੱਚ ਰਹਿੰਦੇ ਪਰਵਾਸੀ ਇਨ੍ਹਾਂ ਮੁਲਕਾਂ ਨੂੰ ਛੱਡਣ ਲਈ ਮਜਬੂਰ ਹੋ ਗਏ।

ਫਿਰੌਤੀਆਂ, ਚੋਰੀਆਂ, ਮਾਰ ਮਰਾਈ, ਲੁੱਟਾਂ ਖੋਹਾਂ, ਧਰਮਾਂ ਦੇ ਆਧਾਰ ਉੱਤੇ ਫ਼ਸਾਦ, ਨਸ਼ਿਆਂ ਦੀ ਵਰਤੋਂ ਅਤੇ ਸਮਗਲਿੰਗ ਨੂੰ ਰੋਕਣ ਲਈ ਨਾ ਤਾਂ ਵਿਦੇਸ਼ੀ ਮੁਲਕਾਂ ਦੀਆਂ ਸਰਕਾਰਾਂ ਨੇ ਲੋੜੀਂਦੀ ਪੁਲੀਸ ਦੀ ਭਰਤੀ ਕੀਤੀ, ਨਾ ਕਾਨੂੰਨਾਂ ਨੂੰ ਸਖ਼ਤ ਕੀਤਾ। ਜਿਸ ਦਾ ਸਿੱਟਾ ਇਹ ਹੋਇਆ ਕਿ ਇਨ੍ਹਾਂ ਮੁਲਕਾਂ ਦਾ ਅੰਤਰਰਾਸ਼ਟਰੀ ਵੱਕਾਰ ਪੇਤਲਾ ਪੈਣ ਲੱਗ ਪਿਆ ਤੇ ਪਰਵਾਸੀ ਅਸਰੁੱਖਿਆ ਦੀ ਭਾਵਨਾ ਨਾਲ ਇਨ੍ਹਾਂ ਮੁਲਕਾਂ ਨੂੰ ਛੱਡਣ ਅਤੇ ਇਨ੍ਹਾਂ ਵਿੱਚ ਨਾ ਆਉਣ ਬਾਰੇ ਆਪਣਾ ਮਨ ਬਣਾਉਣ ਲੱਗ ਪਏ। ਅਸੁਰੱਖਿਆ ਦੇ ਡਰ ਕਾਰਨ ਵਪਾਰੀਆਂ, ਕਾਰੋਬਾਰੀਆਂ, ਕਾਰਖਾਨੇਦਾਰਾਂ ਅਤੇ ਹੋਟਲਾਂ ਦੇ ਮਾਲਕਾਂ ਨੇ ਇਨ੍ਹਾਂ ਮੁਲਕਾਂ ਨੂੰ ਛੱਡਣਾ ਸ਼ੁਰੂ ਕਰ ਦਿੱਤਾ, ਜਿਸ ਨਾਲ ਬੇਰੁਜ਼ਗਾਰੀ ਦੀ ਸਮੱਸਿਆ ਹੋਰ ਵੀ ਗੰਭੀਰ ਹੋ ਗਈ।

ਕਾਲਜਾਂ ਵੱਲੋਂ ਫੀਸਾਂ 'ਚ ਵਾਧਾ, ਵਪਾਰੀਆਂ, ਕਾਰੋਬਾਰੀਆਂ, ਕਾਰਖਾਨੇਦਾਰਾਂ ਹੋਟਲਾਂ ਦੇ ਮਾਲਕਾਂ ਵੱਲੋਂ ਕੀਤੇ ਜਾ ਰਹੇ ਆਰਥਿਕ ਸ਼ੋਸ਼ਣ ਤੇ ਬੇਰੁਜ਼ਗਾਰੀ ਵਿਚਕਾਰ ਪਿਸ ਰਹੇ ਨੌਜਵਾਨਾਂ ਦਾ ਇਨ੍ਹਾਂ ਮੁਲਕਾਂ 'ਚ ਆਉਣ ਤੋਂ ਬੰਦ ਹੋਣਾ ਉਨ੍ਹਾਂ ਦੀ ਮਜਬੂਰੀ ਬਣ ਗਿਆ। ਕੈਨੇਡਾ ਵਰਗੇ ਮੁਲਕਾਂ ਵਿੱਚ ਟਰੰਪ ਦੀ ਟੈਰਿਫ ਯੋਜਨਾ, ਮਹਿੰਗੀ ਮਜ਼ਦੂਰੀ, ਤੇਲ ਦੇ ਵਪਾਰ ਦੀ ਮੰਦਹਾਲੀ ਤੇ ਟੈਕਸਾਂ ਦੇ ਬੋਝ ਨੇ ਕਾਰਖਾਨੇਦਾਰਾਂ ਲਈ ਗੰਭੀਰ ਸੰਕਟ ਪੈਦਾ ਕਰ ਦਿੱਤਾ, ਪਰ ਸਰਕਾਰਾਂ ਨੇ ਉਨ੍ਹਾਂ ਦੀਆਂ ਸਮੱਸਿਆਵਾਂ ਵੱਲ ਕੋਈ ਧਿਆਨ ਹੀ ਨਹੀਂ ਦਿੱਤਾ। ਹੁਣ ਜੇਕਰ ਵਿਦੇਸ਼ੀ ਮੁਲਕਾਂ ਵੱਲੋਂ ਪਰਵਾਸੀਆਂ ਦੇ ਆਉਣ ਉੱਤੇ ਪਾਬੰਦੀ ਲਗਾਉਣ ਦੀ ਗੱਲ ਕੀਤੀ ਜਾਵੇ ਤਾਂ ਜਿਨ੍ਹਾਂ ਮੁਲਕਾਂ ਦੇ ਪਰਵਾਸੀ ਲੋਕਾਂ ਵੱਲੋਂ ਕੀਤੀਆਂ ਜਾਣ ਵਾਲੀਆਂ ਚੋਰੀਆਂ, ਡਕੈਤੀਆਂ, ਫਿਰੌਤੀਆਂ, ਲੁੱਟਾਂ ਖੋਹਾਂ, ਮਾਰ ਮਰਾਈ, ਨਸ਼ਿਆਂ ਦੀ ਸਮਗਲਿੰਗ ਤੇ ਧਰਮਾਂ ਦੇ ਆਧਾਰ ਤੇ ਫ਼ਸਾਦ ਕਰਨ ਨਾਲ ਕਾਨੂੰਨ ਵਿਵਸਥਾ ਭੰਗ ਹੁੰਦੀ ਹੋਵੇ, ਟ੍ਰੈਫਿਕ ਨਿਯਮਾਂ ਦੀ ਉਲੰਘਣਾ ਨਾਲ ਦੁਰਘਟਨਾਵਾਂ ਵਿੱਚ ਵਾਧਾ ਹੋਇਆ ਹੋਵੇ, ਗੰਦਗੀ ਫੈਲਾਉਣ ਨਾਲ ਸਫ਼ਾਈ ਵਿਵਸਥਾ ਖ਼ਰਾਬ ਹੁੰਦੀ ਹੋਵੇ ਅਤੇ ਟੈਕਸਾਂ ਦੀ ਚੋਰੀ ਕਰਨ, ਬੀਮਾ ਯੋਜਨਾ ਦੀ ਦੁਰਵਰਤੋਂ ਕਰਨ ਕਰਕੇ ਅਰਥ ਚਾਰੇ ਨੂੰ ਵਿਗੜਿਆ ਹੋਵੇ, ਉਹ ਮੁਲਕ ਪਰਵਾਸੀਆਂ ਦੀ ਆਮਦ ਉੱਤੇ ਪਾਬੰਦੀ ਕਿਉਂ ਨਹੀਂ ਲਗਾਉਣਗੇ।

ਹੁਣ ਸਵਾਲ ਇਹ ਹੈ ਕਿ ਪਰਵਾਸ ਦੇ ਘੱਟ ਹੋਣ ਨੂੰ ਸਾਡੀਆਂ ਸਰਕਾਰਾਂ ਨੂੰ ਚੰਗਾ ਸਮਝਣਾ ਚਾਹੀਦਾ ਹੈ ਜਾਂ ਮਾੜਾ ? ਜੇਕਰ ਪਰਵਾਸ ਦੇ ਘੱਟ ਹੋਣ ਨਾਲ ਸਰਕਾਰਾਂ ਨੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਨਾ ਕੀਤੇ ਤਾਂ ਪਰਵਾਸ ਦਾ ਰੁਕਣਾ ਮੁਲਕ ਲਈ ਆਉਣ ਵਾਲੇ ਸਮੇਂ ਵਿੱਚ ਗੰਭੀਰ ਸੰਕਟ ਪੈਦਾ ਕਰੇਗਾ। ਵਿਦੇਸ਼ੀ ਮੁਲਕਾਂ ਨੂੰ ਹਾਲਾਤ ਵਿੱਚ ਸੁਧਾਰ ਲਿਆਉਣ ਲਈ ਆਪਣੀਆਂ ਨੀਤੀਆਂ ਨੂੰ ਬਦਲਣਾ ਪਵੇਗਾ ਅਤੇ ਪਰਵਾਸੀਆਂ ਨੂੰ ਆਪਣੀਆਂ ਮਾੜੀਆਂ ਆਦਤਾਂ ਛੱਡਣੀਆਂ ਪੈਣਗੀਆਂ।


REAL PLUMBING

EMERGENCY SERVICE
7 DAYS A WEEK


FAST SERVICE

HOT WATER TANKS
SOLD - SERVICED
AND REMOVED

ਕਿਸੇ ਵੀ ਤਰ੍ਹਾਂ ਦੀ ਪਲੰਬਿੰਗ ਦੀ ਪ੍ਰੋਬਲਮ
ਹੈ ਤਾਂ ਫੋਨ ਕਰੋ

ਸਤਵਿੰਦਰ ਰੀਹਲ

Satwinder Reehal

604-327-5096



RIGHTWAY
PAINTING

ਵਧੀਆ ਕੰਮ-ਵਾਜਿਬ ਕੀਮਤ

Commercial & Residential
GENERAL PAINT
THE PAINT EXPERTS
QUALITY WORKMANSHIP

- Stucco Painting
- Driveway Sealing
- Power Washing
- Repaint Job

ਹਰ ਤਰ੍ਹਾਂ ਦੀ ਪੇਂਟ ਜੋਬ ਲਈ
ਜਸਬੀਰ ਭੰਡਾਲ ਨੂੰ ਫੋਨ ਕਰੋ।

JASVIR BHANDAL

604-834-4335 <> 604-581-5759

# REALTY CLASSIFIED



## KULVIR SAHOTA PREC.

**778.863.2472**

sahotakulvir@gmail.com

**Top-selling Agent in Surrey Office**
**Since 2017, 2018, 2019, 2020, 50 SOLD in 2021**

MLS MEDALLION CLUB MEMBER
Medallion Member
2017, 2018, 2019

PLANET GROUP REALTY INC.
Planet Group Realty Inc.
#266 - 8128 128 Street
Surrey, BC V3W 1R1
Tel: 604-572-1008

### 14373 66 Ave Surrey BC




Two storey house,5bed 3 full bath, 2bed basement suite, 7200 sf lot,
Asking:$1429K

### 12848 65 Ave Surrey




Renovated house 3bed 3bath,
6400 sf lot,
Asking: 1249K,

### 12846 78 Ave Surrey




Price $1,349,000

Excellent Opportunity to buy a 4-level Split House in West Newton, 7 Bed 4 Bath. 4 bed and 3 full bath upstairs for the main house. The property contains 2 unauthorized accommodations (2+1). The whole house rented for $6500. Walking Distance to School, Public Transit, Shopping, Market and All other Amenities.

### 101 8655 King George Blvd. Surrey




Price $829,000

CREEKSIDE VILLAGE. 2 level clean bright CORNER UNIT with 3 beds & 2.5 baths. Tiled entry, sliders to patio. priv. yard. BEAR CREEK PARK nearby,

### 19536 118B Ave




Two Storey house 5bed 4 full bath,
7500 lot,
Asking: 1429K

### Townhouse for sale




2bed 2bath, 1246 sf,
Asking: $690K

### Apartment for Sale



002-10760 135A Ave Brand new, 2bed 2bath, 800 sf,
Asking: $649K

### 77 15151 Edmund Drive, Surrey




3 Bed+Den, 3 Bath A centrally located unit within walking distance to all banks, restaurants, dollarama, shoppers drug mart. A list of recreation facilities & amenities, including YMCA, Fresh Street Market & Panorama Village Centre, all within walking distance.
Asking $949K

### 314-7445 120 Street




### 103 13725 72A AVENUE




### 13930 77 Ave Surrey BC




### 124 13725 72A AVENUE




### 314-7445 120 Street




### #11 16357 15 AVE, SURREY




### #22 12730 66 AVE SURREY




### 6139 142 ST SURREY




### #201 13893 74 AVE SURREY




### 14071 59A AVE, SURREY




### 14948 62 AVE SURREY




### 11700 85B AVE DELTA




### #34 9088 HOLT RD, SURREY




### 11826 87 AVE, DELTA




### #202 7445 120 ST, DELTA




### #138 13898 64 AVE SURREY




### 13343 STAMFORD PLACE SURREY




### 10014 120 ST SURREY




### #100 5888 144 ST SURREY




### #71 13706 74 AVE SURREY



# ਰੋਮਾਂਸ ਤੇ ਟੁੱਟੇ ਰਿਸ਼ਤਿਆਂ ਬਾਰੇ ਬੋਲੀ 'ਸ਼ਵੇਤਾ ਤਿਵਾੜੀ'



ਸ਼ਵੇਤਾ ਤਿਵਾੜੀ ਦਾ ਪਹਿਲਾ ਸੀਰੀਅਲ 'ਕਸੌਟੀ ਜ਼ਿੰਦਗੀ ਕੀ'(2001) ਵਿਚ ਸੁਪਰਹਿੱਟ ਰਿਹਾ ਸੀ। ਉਸ ਦੌਰ 'ਤੇ ਸ਼ਵੇਤਾ ਨੇ ਪ੍ਰੇਰਣਾ ਦੇ ਕਿਰਦਾਰ 'ਚ ਘਰ-ਘਰ'ਚ ਪਛਾਣ ਬਣਾਈ ਅਤੇ ਅੱਜ ਵੀ ਬਹੁਤ ਸਾਰੇ ਲੋਕ ਉਸੇ ਨਾਂ ਤੋਂ ਉਸ ਨੂੰ ਜਾਣਦੇ ਹਨ।

ਇਸ ਸੀਰੀਅਲ 'ਚ ਆਉਣ ਤੋਂ ਪਹਿਲਾਂ ਹੀ ਸ਼ਵੇਤਾ ਨੇ ਵਿਆਹ ਕਰ ਲਿਆ ਸੀ ਅਤੇ ਧੀ ਦੀ ਮਾਂ ਵੀ ਬਣ ਗਈ ਸੀ। ਫਿਰ ਪਹਿਲਾਂ ਵਿਆਹ ਟੁੱਟਿਆ ਅਤੇ ਦੂਜਾ ਵਿਆਹ ਹੋਇਆ, ਉਸ 'ਚ ਵੀ ਤਲਾਕ ਹੋਇਆ। ਉਮਰ ਦੇ ਇਸ ਪੜਾਅ 'ਤੇ ਆ ਕੇ ਸ਼ਵੇਤਾ ਦਾ ਰੋਮਾਂਸ ਬਾਰੇ ਕੀ ਖਿਆਲ ਹੈ, ਇਸ ਬਾਰੇ ਉਸ ਨੇ ਇਕ ਇੰਟਰਵਿਊ 'ਚ ਦੱਸਿਆ। ਸ਼ਵੇਤਾ ਨੇ ਕਿਹਾ ਕਿ ਉਸ ਨੇ ਆਪਣੀ ਲਾਈਫ 'ਚ ਬਹੁਤ ਕੁਝ ਝੱਲਿਆ ਹੈ ਪਰ ਅੱਜ ਉਹ ਖੁਸ਼ ਹੈ ਅਤੇ ਬੱਚਿਆਂ ਨਾਲ ਚੰਗੀ ਲਾਈਫ ਜੀ ਰਹੀ ਹੈ।

ਸ਼ਵੇਤਾ ਤੋਂ ਪੁੱਛਿਆ ਗਿਆ ਸੀ ਕਿ ਉਸ ਨੇ ਆਪਣੀ ਲਾਈਫ 'ਚ ਬਹੁਤ ਕੁਝ ਝੱਲਿਆ ਹੈ, ਉਸ ਦੇ ਬਾਅਦ ਕੀ ਪਿਆਰ ਦੀ ਪਰਿਭਾਸ਼ਾ ਉਸ ਦੀ ਜ਼ਿੰਦਗੀ 'ਚ ਬਦਲ ਗਈ ਹੈ, ਇਸ 'ਤੇ ਉਸ ਦਾ ਕਹਿਣਾ ਸੀ, "ਨਹੀਂ, ਪਿਆਰ ਨੂੰ ਲੈ ਕੇ ਨਹੀਂ ਕੁਝ ਬਦਲਿਆ, ਬਸ ਰਿਲੇਸ਼ਨਸ਼ਿਪ ਨੂੰ ਲੈ ਕੇ ਬਦਲ ਗਿਆ ਹੈ। ਪਿਆਰ ਤਾਂ ਮਾਂ-ਪਿਤਾ, ਬੱਚਿਆਂ ਅਤੇ ਦੋਸਤਾਂ ਨਾਲ ਹੋ ਹੀ ਜਾਂਦਾ ਹੈ ਪਰ ਰਿਲੇਸ਼ਨਸ਼ਿਪ ਤਾਂ ਤੁਸੀਂ ਹਰ ਕਿਸੇ ਨਾਲ ਨਹੀਂ ਬਣਾ ਪਾਉਂਦੇ। ਮੇਰੀ ਲਾਈਫ 'ਚ ਜੋ ਵੀ ਹੋਇਆ ਹੈ, ਉਸ ਦੇ ਬਾਅਦ ਰਿਸ਼ਤੇ 'ਤੇ ਵਿਸ਼ਵਾਸ ਕਰਨਾ ਮੈਂ ਛੱਡ ਦਿੱਤਾ ਹੈ। ਮੇਰੇ ਜੋ ਖਾਸ ਦੋਸਤ ਹਨ, ਮੈਂ ਉਨ੍ਹਾਂ ਲਈ ਹਰ ਸਮੇਂ ਮੁਸ਼ਕਲ 'ਚ ਖੜ੍ਹੀ ਹਾਂ ਪਰ ਹੁਣ ਮੈਂ ਕਿਸੇ 'ਤੇ ਆਸਾਨੀ ਨਾਲ ਵਿਸ਼ਵਾਸ ਕਰ ਲਵਾਂ ਅਜਿਹਾ ਨਹੀਂ ਹੁੰਦਾ ਹੈ।"

"ਜੇਕਰ ਤੁਸੀਂ ਰਿਲੇਸ਼ਨਸ਼ਿਪ 'ਚ ਰੋਮਾਂਸ ਦੀ ਗੱਲ ਕਰਦੇ ਹੋ ਤਾਂ ਉਸ ਦੇ ਬਾਰੇ 'ਚ ਮੈਂ ਸੋਚਦੀ ਹੀ ਨਹੀਂ ਹਾਂ। ਹੁਣ ਤਾਂ ਮੈਂ ਬੁੱਕ ਵੀ ਪੜ੍ਹਦੀ ਹਾਂ ਅਤੇ ਰੋਮਾਂਸ ਦਾ ਪਾਰਟ ਆਉਂਦਾ ਹੈ ਤਾਂ ਉਸ ਨੂੰ ਸਕਿਪ ਕਰ ਦਿੰਦੀ ਹਾਂ।

## ਤਲਾਕ ਤੇ ਇਹ ਕੀ ਬੋਲ ਗਈ ਧਨਸ਼੍ਰੀ ਵਰਮਾ



ਕੋਰੀਓਗ੍ਰਾਫਰ ਧਨਸ਼੍ਰੀ ਵਰਮਾ ਅਤੇ ਯੁਜਵੇਂਦਰ ਚਾਹਲ ਦਾ ਵਿਆਹ 2020 ਵਿੱਚ ਹੋਇਆ ਸੀ। ਹਾਲਾਂਕਿ, ਕੁਝ ਸਾਲਾਂ ਦੇ ਅੰਦਰ ਹੀ, ਉਨ੍ਹਾਂ ਦੇ ਰਿਸ਼ਤੇ ਵਿੱਚ ਦਰਾਰ ਆ ਗਈ ਅਤੇ ਉਨ੍ਹਾਂ ਨੇ ਫਰਵਰੀ 2024 ਵਿੱਚ ਤਲਾਕ ਲਈ ਅਰਜ਼ੀ ਦਿੱਤੀ, ਫਿਰ ਦੋਵਾਂ ਨੇ ਇਸ ਸਾਲ ਦੇ ਸ਼ੁਰੂ ਵਿੱਚ ਕਾਨੂੰਨੀ ਤੌਰ 'ਤੇ ਤਲਾਕ ਲੈ ਲਿਆ। ਇਸ ਦੇ ਨਾਲ ਹੀ, ਹਾਲ ਹੀ ਵਿੱਚ ਧਨਸ਼੍ਰੀ ਨੇ ਰਿਐਲਿਟੀ ਸ਼ੋਅ 'ਰਾਈਜ਼ ਐਂਡ ਫਾਲ' ਵਿੱਚ ਸਾਬਕਾ ਪਤੀ ਯੁਜਵੇਂਦਰ ਚਾਹਲ ਬਾਰੇ ਖੁੱਲ੍ਹ ਕੇ ਗੱਲ ਕੀਤੀ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਆਪਣੀ ਵਿਆਹੁਤਾ ਜ਼ਿੰਦਗੀ ਵਿੱਚ ਮਾੜੇ ਵਿਵਹਾਰ ਦਾ ਸਾਹਮਣਾ ਕਰਨਾ ਪਿਆ ਸੀ, ਪਰ ਉਨ੍ਹਾਂ ਨੇ ਸੋਚ-ਸਮਝ ਕੇ ਬਦਲਾ ਨਾ ਲੈਣ ਦਾ ਫੈਸਲਾ ਕੀਤਾ।

ਧਨਸ਼੍ਰੀ ਵਰਮਾ ਕਹਿੰਦੀ ਹੈ ਕਿ ਧਨਸ਼੍ਰੀ ਨੇ ਕਿਹਾ ਕਿ ਉਨ੍ਹਾਂ ਨੇ ਹਮੇਸ਼ਾ ਰਿਸ਼ਤੇ ਵਿੱਚ ਸਤਿਕਾਰ ਨੂੰ ਪਹਿਲ ਦਿੱਤੀ ਹੈ, ਭਾਵੇਂ ਉਨ੍ਹਾਂ ਨੂੰ ਅਪਮਾਨ ਦਾ ਸਾਹਮਣਾ ਕਰਨਾ ਪਵੇ। ਕੋਰੀਓਗ੍ਰਾਫਰ ਨੇ ਕਿਹਾ, "ਵਿਆਹ ਵਿੱਚ, ਦੋਵਾਂ ਦਾ ਸਤਿਕਾਰ ਇੱਕ ਦੂਜੇ ਦੇ ਹੱਥ ਵਿੱਚ ਹੁੰਦਾ ਹੈ। ਜੇ ਮੈਂ ਚਾਹੁੰਦੀ, ਤਾਂ ਮੈਂ ਗਲਤ ਵੀ ਬੋਲ ਸਕਦੀ ਸੀ। ਤੁਸੀਂ ਸੋਚਦੇ ਹੋ ਕਿ ਮੇਰੇ ਕੋਲ ਕਹਿਣ ਲਈ ਕੁਝ ਨਹੀਂ ਹੈ ਕਿਉਂਕਿ ਮੈਂ ਇੱਕ ਔਰਤ ਹਾਂ? ਪਰ ਉਹ ਮੇਰਾ ਪਤੀ ਸੀ। ਮੈਂ ਵਿਆਹ ਦੇ ਸਮੇਂ ਵੀ ਉਨ੍ਹਾਂ ਦਾ ਸਤਿਕਾਰ ਕਰਦੀ ਸੀ, ਅਤੇ ਅਜੇ ਵੀ ਅਜਿਹਾ ਕਰਨਾ ਜ਼ਰੂਰੀ ਹੈ ਕਿਉਂਕਿ ਮੈਂ ਕਦੇ ਉਸ ਨਾਲ ਵਿਆਹੀ ਹੋਈ ਸੀ।"

ਤੁਹਾਨੂੰ ਦੱਸ ਦੇਈਏ ਕਿ ਧਨਸ਼੍ਰੀ ਅਤੇ ਚਾਹਲ ਨੇ 2020 ਵਿੱਚ ਮੰਗਣੀ ਕੀਤੀ ਸੀ ਅਤੇ ਉਸੇ ਸਾਲ ਦਸੰਬਰ ਵਿੱਚ ਗੁਰੂਗ੍ਰਾਮ ਵਿੱਚ ਵਿਆਹ ਕਰਵਾਇਆ ਸੀ, ਜਿਸ ਵਿੱਚ ਸਿਰਫ਼ ਪਰਿਵਾਰ ਅਤੇ ਕੁਝ ਨੇੜਲੇ ਲੋਕ ਹੀ ਸ਼ਾਮਲ ਹੋਏ ਸਨ। ਵਿਆਹ ਦੇ ਪੰਜ ਸਾਲ ਬਾਅਦ, ਦੋਵੇਂ ਫਰਵਰੀ 2025 ਵਿੱਚ ਤਲਾਕ ਤੋਂ ਬਾਅਦ ਸੁਰਖੀਆਂ ਵਿੱਚ ਆਏ ਸਨ।

**ਧਨਸ਼੍ਰੀ ਦਾ ਕਰੀਅਰ:**

ਧਨਸ਼੍ਰੀ ਬਾਰੇ ਗੱਲ ਕਰੀਏ ਤਾਂ ਉਹ ਆਪਣੇ ਫਿਊਜ਼ਨ ਡਾਂਸ ਪ੍ਰਦਰਸ਼ਨ ਲਈ ਜਾਣੀ ਜਾਂਦੀ ਹੈ। ਇਨ੍ਹੀਂ ਦਿਨੀਂ ਉਹ ਰਿਐਲਿਟੀ ਸ਼ੋਅ 'ਰਾਈਜ਼ ਐਂਡ ਫਾਲ' ਵਿੱਚ ਨਜ਼ਰ ਆ ਰਹੀ ਹੈ। ਇਸ ਸ਼ੋਅ ਨੂੰ ਮਸ਼ਹੂਰ ਕਾਰੋਬਾਰੀ ਅਸ਼ਨੀਰ ਗਰੋਵਰ ਹੋਸਟ ਕਰ ਰਹੇ ਹਨ।

# ਇਸ਼ਕ ਮੁਸ਼ਕ

## ਈਸ਼ਾ ਨੂੰ ਬੇਸਬਰੀ ਨਾਲ ਇੰਤਜ਼ਾਰ



ਮਾਇਆ ਨਗਰੀ ਦੀਆਂ ਸਭ ਤੋਂ ਗਲੈਮਰਸ ਅਭਿਨੇਤਰੀਆਂ ਵਿਚੋਂ ਇਕ, ਈਸ਼ਾ ਗੁਪਤਾ ਹੁਣ ਆਪਣੀ ਕਾਮਿਕ ਟਾਈਮਿੰਗ ਅਤੇ ਮਜ਼ਬੂਤ ਸਕ੍ਰੀਨ ਮੌਜੂਦਗੀ ਨਾਲ ਦਿਲ ਜਿੱਤਣ ਲਈ ਫਿਲਮ 'ਧਮਾਲ 4 ਵਿਚ ਪੂਰੀ ਤਰ੍ਹਾਂ ਤਿਆਰ ਹੈ। ਅਜੇ ਦੇਵਗਨ ਅਤੇ ਲੰਬੀ-ਚੌੜੀ ਕਾਸਟ ਨਾਲ ਵੱਡੇ ਪੱਧਰ 'ਤੇ ਸ਼ੂਟਿੰਗ ਕਰਨ ਦੇ ਬਾਅਦ, ਉਸ ਨੇ ਸ਼ੂਟਿੰਗ ਪੂਰੀ ਕਰ ਲਈ ਹੈ

ਅਤੇ ਨਿਰਮਾਤਾਵਾਂ ਨੇ ਅਧਿਕਾਰਤ ਤੌਰ 'ਤੇ ਇੰਦਰ ਕੁਮਾਰ ਦੀ ਕਾਮੇਡੀ ਫਿਲਮ ਦਾ ਰੈਪ-ਅਪ ਐਲਾਨ ਕਰ ਦਿੱਤਾ ਹੈ।

ਈਸ਼ਾ ਲਈ 'ਧਮਾਲ 4' ਅਜੇ ਦੇਵਗਨ ਨਾਲ ਉਸ ਦੀ ਤੀਜੀ ਫਿਲਮ ਹੈ। ਬਾਦਸ਼ਾਹੋ' ਅਤੇ 'ਟੋਟਲ ਧਮਾਲ' ਤੋਂ ਬਾਅਦ, ਪਿਛਲੇ ਮਹੀਨੇ ਅਜੇ ਅਤੇ ਈਸ਼ਾ ਨੂੰ ਮਡ ਆਈਲੈਂਡ 'ਚ ਮਹੱਤਵਪੂਰਨ ਸੀਨਜ਼ ਦੀ ਸ਼ੂਟਿੰਗ ਕਰਦੇ ਦੇਖਿਆ ਗਿਆ ਸੀ, ਜਿਥੇਉਨ੍ਹਾਂ ਨਾਲ ਰਿਤੇਸ਼ ਦੇਸ਼ਮੁਖ, ਅਰਸ਼ਦ ਵਾਰਸੀ, ਜਾਵੇਦ ਜਾਫਰੀ ਰਵੀ ਕਿਸ਼ਨ, ਸੰਜੇ ਮਿਸ਼ਰਾ ਅਤੇ ਹੋਰ ਕਲਾਕਾਰ ਸ਼ਾਮਲ ਸਨ।

ਰੈਪ-ਅਪ ਦੇ ਮੌਕੇ 'ਤੇ ਈਸ਼ਾ ਨੇ ਕਿਹਾ, "ਫਿਲਮ 'ਧਮਾਲ' ਵਰਗੀ ਦਰਸ਼ਕਾਂ ਦੀ ਪਸੰਦੀਦਾ ਫ੍ਰੈਂਚਾਇਜ਼ੀ ਦਾ ਹਿੱਸਾ ਬਣਨਾ ਮੇਰੇ ਲਈ ਬਹੁਤ ਖੁਸ਼ੀ ਦੀ ਗੱਲ ਹੈ। ਇੰਦਰ ਸਰ, ਅਜੇ ਅਤੇ ਪੂਰੀ ਟੀਮ ਨਾਲ ਕੰਮ ਕਰਨਾ 'ਟੋਟਲ ਧਮਾਲ' ਦੇ ਬਾਅਦ ਇਕ ਵਾਰ ਫਿਰ ਅਭੁੱਲ ਅਨੁਭਵ ਰਿਹਾ। ਅਜੇ ਇਕ ਪਾਵਰਹਾਊਸ ਪ੍ਰਤਿਭਾ ਹੈ ਅਤੇ ਸੈੱਟ 'ਤੇ ਉਸ ਦੀ ਸਹਿਜਤਾ ਅਤੇ ਊਰਜਾ ਸਾਰਿਆਂ ਨੂੰ ਹੋਰ ਵਧੀਆ ਬਣਾਉਂਦੀ ਹੈ।" ਸੈੱਟ ਦਾ ਮਾਹੌਲ ਹਮੇਸ਼ਾ ਮਜ਼ੇਦਾਰ, ਖੁਸ਼ਹਾਲ ਅਤੇ ਸਕਾਰਾਤਮਕਤਾ ਨਾਲ ਭਰਪੂਰ ਰਿਹਾ ਹੈ।ਮੈਂ ਬੇਸਬਰੀ ਨਾਲ ਇੰਤਜਾਰ ਕਰ ਰਹੀ ਹਾਂ ਕਿ ਦਰਸ਼ਕ ਉਹ ਪਾਗਲਪਨ ਅਤੇ ਮਸਤੀ ਦੇਖਣ, ਜੋ ਅਸੀਂ ਕ੍ਰਿਏਟ ਕੀਤੀ ਹੈ। ਸ਼ੂਟਿੰਗ ਖਤਮ ਕਰਨਾ ਮੇਰੇ ਲਈ ਬਹੁਤ __ ਖਾਸ ਹੈ, ਕਿਉਂਕਿ ਇਹ ਫਿਲਮ ਸੱਚਮੁਚ 'ਪਿਓਰ ਇੰਟਰਟੈਨਮੈਂਟ' ਹੈ ਅਤੇ ਇਸ ਦਾ ਹਿੱਸਾ ਬਣ ਕੇ ਮੈਂ ਬਹੁਤ ਉਤਸ਼ਾਹਿਤ ਹਾਂ।

ਦੱਸਿਆ ਜਾ ਰਿਹਾ ਹੈ ਕਿ ਈਸ਼ਾ 'ਧਮਾਲ 3' 'ਚ ਹੋਰ ਵੀ ਬੋਲਡ ਅਤੇ ਮਹੱਤਵਪੂਰਨ ਰੋਲ 'ਚ ਪਰਤ ਰਹੀ ਹੈ।

ਵੈੱਬ ਸੀਰੀਜ 'ਆਸ਼ਰਮ 3' 'ਚ ਬੋਲਡ ਅਵਤਾਰ ਨਾਲ ਖੱਟੀ ਚਰਚਾ ਚਰਚਿਤ ਵੈੱਬ ਸੀਰੀਜ਼ 'ਆਸ਼ਰਮ ਦੇ ਸੀਜ਼ਨ 3 'ਚ ਵੀ ਈਸ਼ਾ ਨੇ ਕੰਮ ਕੀਤਾ ਹੈ। ਇਸ 'ਚ ਬੌਬੀ ਦਿਓਲ ਲੀਡ ਰੋਲ 'ਚ ਹੈ ਅਤੇ ਈਸ਼ਾਨੇ ਇਸ ਸੀਰੀਜ਼ 'ਚ ਕਈ ਬੋਲਡ ਸੀਨ ਦਿੱਤੇ, ਜਿਨ੍ਹਾਂ ਦੀ ਚਰਚਾ ਸੋਸ਼ਲ ਮੀਡੀਆ 'ਤੇ ਖ਼ੂਬ ਹੋਈ। ਈਸ਼ਾ ਦੇ ਅਨੁਸਾਰ ਉਹ ਆਸ਼ਰਮ ਦੀਆਂ ਪਹਿਲੀਆਂ ਦੋ ਸੀਰੀਜ਼ ਦੀ ਬਹੁਤ ਵੱਡੀ ਫੈਨ ਰਹੀ ਹੈ ਅਤੇ ਉਸ ਨੇ ਇਸ ਨੂੰ ਬੜੇ ਚਾਅ ਨਾਲ ਦੇਖਿਆ ਅਤੇ ਇਸ ਲਈ ਉਸ ਨੇ ਇਸ ਦੇ ਤੀਜੇ ਸੀਜ਼ਨ 'ਚ ਕੰਮ ਨੂੰ ਸਵੀਕਾਰ ਕੀਤਾ ਸੀ। ਉਥੇ ਉਸ ਨੇ ਕਿਹਾ ਸੀ ਕਿ ਇਸ ਦੇ ਬੋਲਡ ਅਤੇ ਹੌਟ ਸੀਨ ਕਰਨ 'ਚ ਉਸਨੂੰ ਕੋਈ ਪ੍ਰੇਸ਼ਾਨੀ ਨਹੀਂ ਹੋਈ। ਉਸਦਾ ਕਹਿਣਾ ਸੀ ਕਿ ਜਦੋਂ ਅਸਲ ਜ਼ਿੰਦਗੀ 'ਚ ਤੁਸੀਂ ਅਜਿਹਾ ਕੀਤਾ ਹੁੰਦਾ ਹੈ ਤਾਂ ਅਜਿਹੀ ਕੋਈ ਖਾਸ ਪ੍ਰੇਸ਼ਾਨੀ ਨਹੀਂ ਆਉਂਦੀ, ਦੂਜੇ ਸੀਨ ਦੀ ਤਰ੍ਹਾਂ ਹੀ ਬਸ ਇਸ ਨੂੰ ਪਰਫੈਕਟ ਕਰਨ ਦੀ ਥੋੜ੍ਹੀ ਟੈਨਸ਼ਨ ਰਹਿੰਦੀ ਹੈ।




**No Fuel & Maintenance Charge**

**Level 1 Chief Flight Instructor**

**Train On CESSNA 172**

## From PPL to CPL, Your Aviation Career Begins Here

Embark on an exhilarating journey into the world of aviation with Western Community College's comprehensive Aviation Diploma program. Designed to equip aspiring pilots with the skills and knowledge needed to soar to new heights, this diploma offers a structured pathway from Private Pilot License (PPL) to Commercial Pilot License (CPL).

## Eligibility Requirements

Age 16-29 | Permanent Resident, Canadian Citizen, Refugee Status

WESTERN COMMUNITY COLLEGE

**Flying School**
Hangar F, Unit 120,
1185 Townline Road
Abbotsford, BC V2T 6E1
**abbyinfo@wcc.ca**

**Abbotsford**
Unit 201, 3670 Townline Rd
Abbotsford, BC V2T 5W8
+1-604-776-1301
**abbyinfo@wcc.ca**



SABZI MANDI SUPERMARKET
Serving our Community since 2003
VICTORIA LOCATION
Opening Soon!
306 Burnside Road, Victoria
HOT PRICE
BC POTATOES
ਬੀ. ਸੀ. ਆਲੂ
10lb
2.49 ea
HOT PRICE
JUMBO CAULIFLOWER
ਗੋਭੀ
2.69 ea
HOT PRICE
BC EXTRA HOT CHILLI
ਬੀ.ਸੀ ਜ਼ਾਦੇ ਮਿਰਚੀ
ਹਰੀ ਮਿਰਚ
1.99 /lb
HOT PRICE
PEELED GARLIC
ਲਸਣ
5lb Jar
9.99 ea
NEW KRUNCH PANI-PURI TRAY
ਨੀਊ ਕਰੰਚ ਪਾਨੀ ਪੂਰੀ
260g
5.99 ea
NEW KRUNCH COOKIES
ਨੀਊ ਕਰੰਚ ਕੁਕੀਆਂ
Asst., 2.2lb
5.99 ea
PUNJABI BY NATURE SARSON KA SAAG
ਪੰਜਾਬੀ ਬਾਈ ਨੇਚਰ
ਸਰੋਂ ਦਾ ਸਾਗ
850g
3.99 ea
PUNJABI BY NATURE MASALA GUR/GUR
ਪੰਜਾਬੀ ਬਾਈ ਨੇਚਰ
ਮਸਾਲਾ /ਪੇਸੀ ਗੁੜ
1kg
3.99 ea
BAAZ DURAM ATTA
ਬਾਜ਼ ਦੁਰਮ ਆਟਾ
20lb
12.99 ea
UNBEATABLE DEAL
TATA PREMIUM TEA
ਟਾਟਾ ਚਾਹ
220's
6.99 ea
BC GALA APPLES
ਗੈਲਾ ਸੇਬ
99¢ lb
FRESH PETHA KADDU
ਪੇਠਾ ਕੱਦੂ
88¢ /lb
FRESH ZUCCHINI
ਤੋਰੀ
79¢ /lb
GREEN PEPPERS
ਹਰੀਆਂ ਸ਼ਿਮਲਾ ਮਿਰਚਾਂ
1.29 /lb
JUMBO CARROTS
ਵੱਡੀਆਂ ਗਾਜਰਾਂ
59¢ /lb
MDH SPICES
ਐਮ. ਡੀ. ਐਚ. ਮਸਾਲੇ
Asst., 100g
1.99 ea
SABZI MANDI BASMATI RICE
ਸੱਬਜ਼ੀ ਮੰਡੀ ਬਾਸਮਤੀ ਚਾਵਲ
10lb
13.99 ea
PUNJABI BY NATURE MUSTARD OIL
ਪੰਜਾਬੀ ਬਾਈ ਨੇਚਰ
ਸਰੋਂ ਦਾ ਤੇਲ
1L
5.99 ea
ANNAPURNA CHAKKI ATTA
ਅਨਪੂਰਨਾ ਚੱਕੀ ਆਟਾ
20lb
12.99 ea
ROMA TOMATOES
ਰੋਮਾ ਟਮਾਟਰ
1.39 /lb
FRESH CILANTRO
ਧਨੀਆਂ
Bunch
2 for 1.29
INDIAN KARELA
ਦੇਸੀ ਕਰੇਲੇ
1.49 /lb
INDIAN RED CARROTS
ਦੇਸੀ ਲਾਲ ਗਾਜਰਾਂ
99¢ /lb
FRESH GINGER
ਅੱਦਰਕ
1.19 /lb
PROUDLY CANADIAN • PROUDLY PUNJABI!
Western Union
Western Union Money Transfers and Calling Cards available at all locations. 24 hour rate info line: 604-634-2400
ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ
ਭਾਰਤੀ ਗਰੌਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ
SALES DATES: Fri. September 12, 2025 - Wed. September 17, 2025
Prices in effect while quantities last and are subject to change without notice. We reserve the right to limit quantities. Photos are for illustrative purposes only and may not depict actual sale item.
MasterCard VISA AMERICAN EXPRESS Interac
American Express accepted at three locations.
SABZI MANDI SUPERMARKET
STORES OPEN 7 DAYS A WEEK
Visit one of our great locations so we can serve you today!
NEWTON STORE: #106 - 12568 72nd Ave., Surrey 604-590-2400
NEWTON 80th AVENUE: 13208 80th Ave., Surrey 778-565-7880
NEWTON EXCHANGE: 101-13753 72 Ave., Surrey 604-581-2400
NEWTON EAST: 15299 68th Ave., Surrey 604-598-8006
ABBOTSFORD: 31831 S. Fraser Way, Abbotsford 604-864-9193
BURNABY: 7565 6th Street, Burnaby 604-553-6603
RICHMOND: 9371 No 5 Rd, Richmond 604-285-2400
NEWTON 64 AVE: 140- 6350 120 st, Surrey 778-565-1266
LANGLEY: #50 – 20150 Langley Bypass, Langley 604-427-3912
ABBOTSFORD: 2777 Gladwin Road, Abbotsford 604-744-2077
You can also visit us online at www.sabzimandicanada.com
Prices in effect at the above listed store locations only.